
T-9

ਸੋਹੰ ਹਰਿ ਸੋਹੰ



ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਟ੍ਰੈਕਟ ਨੰ: 9

# ਇਹੁ ਜਨਮੁ ਤੁਮ੍ਹਾਰੇ ਲੇਖੇ ॥

ਪਹਿਲੀ ਵਾਰ—4000 ਜਨਵਰੀ—2002


ਪ੍ਰਕਾਸ਼ਕ :

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ

ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ

ਜ਼ਿਲ੍ਹਾ ਜਲੰਧਰ-144 201

ਕੀਮਤ—ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ



# ਸਾਂਝੇ ਉੱਦਮ ਦੀ ਲੋੜ

ਮਹਿੰਗਾਈ, ਗ਼ਰੀਬੀ, ਬੇਰੁਜ਼ਗਾਰੀ, ਆਪਾਧਾਪੀ ਅਤੇ ਸਰਮਾਏਦਾਰੀ ਨੇ ਸਮੁੱਚੇ ਸਮਾਜ ਦਾ ਕਚੂਮਰ ਕੱਢਿਆ ਹੋਇਆ ਹੈ। ਸਮੁੱਚੇ ਸਮਾਜ ਵਿਚ ਪੱਛੜੇ ਸਮਾਜ ਦੀ ਹਾਲਤ ਹੋਰ ਵੀ ਤਰਸਯੋਗ ਹੈ। ਇਸ ਸਮਾਜ ਨੂੰ ਸਦੀਆਂ ਤੋਂ ਲਿਤਾੜਿਆ ਗਿਆ ਹੈ। ਪੱਛੜੇ ਸਮਾਜ ਦੀਆਂ ਬਹੁਤ ਜਟਿਲ ਸਮੱਸਿਆਵਾਂ ਹਨ। ਇਨ੍ਹਾਂ ਸਮੱਸਿਆਵਾਂ ਦਾ ਲਾਭ ਉਠਾ ਕੇ ਇਕ ਛੋਟਾ ਜਿਹਾ ਸਮਾਜ ਇਸ ਵਿਸ਼ਾਲ ਸਮਾਜ ਨੂੰ ਵਰਤ ਰਿਹਾ ਹੈ। ਇਹ ਯੁਗਾਂ-ਯੁਗਾਂਤਰਾਂ ਤੋਂ ਹੁੰਦਾ ਆ ਰਿਹਾ ਹੈ।

ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਸਮਝ ਕੇ ਹੁਣ ਇਸ ਸਮਾਜ ਨੇ ਆਪਣੀਆਂ ਸਮੱਸਿਆਵਾਂ ਬਾਰੇ ਸੋਚਣਾ ਸ਼ੁਰੂ ਕੀਤਾ ਹੈ, ਨੌਜਵਾਨਾਂ ਨੇ ਸੰਘਰਸ਼ ਕਰਨਾ ਸ਼ੁਰੂ ਕੀਤਾ ਹੈ। ਇਹ ਸੰਘਰਸ਼ ਅਨਪੜ੍ਹਤਾ, ਨਸ਼ਿਆਂ ਵਿਰੁੱਧ, ਪਾਖੰਡਾਂ ਵਿਰੁੱਧ, ਅਗਿਆਨਤਾ ਵਿਰੁੱਧ ਅਤੇ ਲੋਟੂ ਲਾਣੇ ਵਿਰੁੱਧ ਹੈ, ਜਿਹੜਾ ਸਦੀਆਂ ਤੋਂ ਹੀ ਲੁਟਦਾ ਆਇਆ ਹੈ।

ਇਹ ਸੰਘਰਸ਼ ਬਹੁਤ ਵੱਡਾ ਅਤੇ ਲਮੇਰਾ ਹੈ। ਇਸ ਵਿਚ ਸਮੁੱਚੇ ਪਛੜੇ ਸਮਾਜ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੈ। ਇਸ ਵਿਚ ਸਮੁੱਚੇ ਸੰਤ ਸਮਾਜ ਦੀ ਜ਼ਿੰਮੇਂਵਾਰੀ ਹੋਰ ਵੀ ਜ਼ਿਆਦਾ ਹੈ। ਸ੍ਰੀ ਗੁਰੂ ਰਵਿਦਾਸ ਸੰਪਰਦਾ ਸੁਸਾਇਟੀ ਨੂੰ ਇਸ ਪਾਸੇ ਹੋਰ ਉੱਦਮ ਕਰਨ ਦੀ ਜ਼ਰੂਰਤ ਹੈ। ਡੇਰਾ ਸੱਚਖੰਡ ਬੱਲਾਂ ਪਿਛਲੇ 100 ਸਾਲਾਂ ਤੋਂ ਇਸ ਪਾਸੇ ਰੁਚਿਤ ਹੈ।

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ ਬਿਨਪਾਲਕੇ ਇਸ ਪਾਸੇ ਪਿਛਲੇ ਕੁਝ ਸਮੇਂ ਤੋਂ ਸਰਗਰਮ ਹੈ। ਹਰ ਸਾਲ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਸਬੰਧੀ ਪੈਂਫਲਿਟ ਛਾਪ ਕੇ ਸੰਗਤਾਂ ਦੀ ਭੇਟ ਕਰਨ ਦਾ ਉੱਦਮ ਜਾਰੀ ਹੈ। ਇਨ੍ਹਾਂ ਨੌਜਵਾਨਾਂ ਦੇ ਦਿਲੋ-ਦਿਮਾਗ 'ਤੇ ਗਹਿਰੀਆਂ ਸਕੀਮਾਂ ਉੱਕਰੀਆਂ ਪਈਆਂ ਹਨ। ਇਹ ਨੌਜਵਾਨ ਸਮਾਜ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ। ਇਨ੍ਹਾਂ ਨੂੰ ਸਮੁੱਚੇ ਪਛੜੇ ਸਮਾਜ ਦੇ ਸਾਥ ਦੀ ਜ਼ਰੂਰਤ ਹੈ। ਇਨ੍ਹਾਂ ਨੌਜਵਾਨਾਂ ਦੀ ਮਦਦ ਕਰਨਾ ਹਰ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਦਾ ਫਰਜ਼ ਬਣਦਾ ਹੈ। ਆਓ ਇਨ੍ਹਾਂ ਦੀ ਵੱਧ ਤੋਂ ਵੱਧ ਹਰ ਤਰ੍ਹਾਂ ਨਾਲ ਸਹਾਇਤਾ ਕਰੀਏ।

ਦਾਸਰਾ :

**—ਰਛਪਾਲ ਸਿੰਘ ਬੱਧਣ**
ਐਨ. ਬੀ. 180, ਪ੍ਰੀਤ ਨਗਰ,
ਸੋਢਲ ਰੋਡ, ਜਲੰਧਰ
ਫੋਨ-0181-490309

## ਧਨਾਸਰੀ ਭਗਤ ਰਵਿਦਾਸ ਜੀ ਕੀ॥
## ੧ੴ ਸਤਿਗੁਰ ਪ੍ਰਸਾਦਿ॥

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥ ੧॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥ ਕਾਰਨ ਕਵਨ ਅਬੋਲ॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥ ੨॥ ੧॥

*(ਗੁਰੂ ਗ੍ਰੰਥ ਸਾਹਿਬ, ਪੰਨਾ ੬੯੪)*

ਸ਼ਬਦ ਅਰਥ—ਗੁਰੂ ਰਵਿਦਾਸ ਜੀ ਪ੍ਰਭ ਅੱਗੇ ਅਰਜ਼ੋਈ ਕਰਦੇ ਹਨ ਕਿ ਹੇ ਪ੍ਰਭ! ਮੇਰੇ ਵਰਗਾ ਨਿਮਾਣਾ ਕੋਈ ਨਹੀਂ ਹੈ ਅਤੇ ਤੇਰੇ ਵਰਗਾ ਨਿਮਾਣਿਆਂ ਨੂੰ ਮਾਣ ਬਖਸ਼ਿਸ਼ ਕਰਨ ਵਾਲਾ ਦਿਆਲੂ ਕੋਈ ਨਹੀਂ ਹੈ। ਇਸ ਲਈ ਹੁਣ ਹੋਰ ਪਰਖ ਦੀ ਕੀ ਲੋੜ ਹੈ? ਹੇ ਪ੍ਰਭ! ਤੇਰੇ ਬਚਨ, ਤੇਰੇ ਵਿਚਾਰ ਮੇਰੇ ਮਨ ਨੂੰ ਭਾਉਂਦੇ ਹਨ, ਮੇਰਾ ਮਨ ਤੇਰੇ ਹੁਕਮ 'ਤੇ ਰੀਝਦਾ ਹੈ। ਇਸ ਲਈ ਇਸ ਦਾਸ ਨੂੰ ਸੰਪੂਰਨ ਗਿਆਨ ਭਾਵ ਬ੍ਰਹਮ-ਗਿਆਨ ਨਾਲ ਭਰਪੂਰ ਕਰੋ॥ ੧॥

ਗੁਰੂ ਜੀ ਨੂੰ ਪ੍ਰਭ ਦਾ ਹੁਕਮ ਪ੍ਰਵਾਨ ਹੈ, ਪਰ ਫਿਰ ਵੀ ਪ੍ਰਭ ਬੋਲਦਾ ਨਹੀਂ। ਹੇ ਪ੍ਰਭ! ਮੈਂ ਤੇਰੇ 'ਤੇ ਬਲਿਹਾਰ ਬਲਿਹਾਰ ਜਾਂਦਾ ਹਾਂ, ਪਰ ਕੀ ਕਾਰਣ ਹੈ, ਤੁਸੀਂ ਮੇਰੇ ਨਾਲ ਬੋਲਦੇ ਕਿਉਂ ਨਹੀਂ?॥ ੧॥ ਰਹਾਉ॥

ਹੇ ਪ੍ਰਭ! ਤੇਰੇ ਦਰਸ਼ਨ ਹੋਇਆਂ ਅਨੇਕਾਂ ਜਨਮ ਬੀਤ ਗਏ ਪਰ ਇਸ ਜਨਮ ਵਿਚ ਵੀ ਤੇਰੇ ਦਰਸ਼ਨ ਨਸੀਬ ਨਹੀਂ ਹੋਏ। ਇਸ ਲਈ ਇਹ ਸਮੁੱਚਾ ਜੀਵਨ ਮੈਂ ਤੇਰੇ ਦਰਸ਼ਨਾਂ ਲਈ ਅਰਪਨ ਕਰ ਦਿੱਤਾ ਹੈ, ਤੇਰੇ ਨਮਿਤ ਲੇਖੇ ਲਾ ਦਿੱਤਾ ਹੈ। ਇਸ ਲਈ (ਗੁਰੂ) ਰਵਿਦਾਸ ਜੀ ਕਹਿੰਦੇ ਹਨ ਕਿ ਤੇਰਾ ਦਰਸ਼ਨ ਕੀਤਿਆਂ ਬਹੁਤ ਚਿਰ ਹੋ ਗਿਆ ਹੈ। ਹੁਣ ਮੈਂ ਕੇਵਲ ਤੇਰੇ ਦਰਸ਼ਨ ਦੀ ਆਸ ਵਿਚ ਹੀ, ਤੇਰੀ ਅਰਾਧਨਾ ਵਿਚ ਮਗਨ, ਆਪਣਾ ਜੀਵਨ ਬਤੀਤ ਕਰ ਰਿਹਾ ਹਾਂ॥ ੨॥ ੧॥

*ਵਿਆਖਿਆ-ਪ੍ਰੋ: ਲਾਲ ਸਿੰਘ*

* * *

## ਸ੍ਰੀ ਗੁਰੂ ਰਵਿਦਾਸ ਜੀ ਦੇ 'ਸਲੋਕ' ਬਾਰੇ ਜ਼ਰੂਰੀ ਬੇਨਤੀ

ਹਰਿ ਸੋ ਹੀਰਾ ਛਾਡਿ ਕੈ, ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ॥ ੨੪੨॥

ਇਹ ਸਲੋਕ ਗੁਰੂ ਰਵਿਦਾਸ ਜੀ ਦਾ ਉਚਾਰਨ ਕੀਤਾ ਹੋਇਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਗ ੧੩੭੭ ਉੱਪਰ ਸੁਭਾਇਮਾਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਵਿਦਾਸ ਜੀ ਦੇ ਚਾਲੀ ਸ਼ਬਦ ਅਤੇ ਇਕ ਸਲੋਕ (ਉਪਰੋਕਤ) ਦਰਜ ਹਨ।

ਇਸ ਸਲੋਕ ਵਿਚ ਗੁਰੂ ਰਵਿਦਾਸ ਜੀ ਮਨੁੱਖਤਾ ਨੂੰ ਸਮਝਾਂਦੇ ਹੋਏ ਹੁਕਮ ਕਰਦੇ ਹਨ ਕਿ ਜਿਹੜੇ ਜੀਵ ਆਪਣੇ ਅਸਲੇ ਪਾਰਬ੍ਰਹਮ-ਪ੍ਰਭ ਨਾਲੋਂ ਸਬੰਧ ਤੋੜ ਕੇ ਕਿਸੇ ਹੋਰ ਨਾਲ ਭਾਵ ਮਾਇਆ ਦੇ ਦੂਤ, ਪੰਜੇ ਵਿਕਾਰਾਂ ਨਾਲ ਆਪਣੇ ਆਪ ਨੂੰ ਓਤਪੋਤ ਕਰਕੇ ਮੁਕਤੀ

ਦੀ ਆਸ ਰੱਖਦੇ ਹਨ, ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਅਜਿਹੇ ਜੀਵ ਨਿਰਸੰਦੇਹ ਸਿੱਧੇ ਨਰਕਾਂ ਨੂੰ ਜਾਣਗੇ, ਇਹ ਅਟੱਲ ਸੱਚਾਈ ਹੈ।

ਪ੍ਰੰਤੂ ਕੁਝ ਵਿਦਵਾਨ ਇਸ ਸਲੋਕ ਦੇ ਅਰਥ ਗਲਤ ਕਰਦੇ ਹਨ। ਉਨ੍ਹਾਂ ਮੁਤਾਬਕ ਅਰਥ ਹਨ ਕਿ ਜੋ ਜੀਵ ਪ੍ਰਭੂ ਵਰਗੇ ਹੀਰੇ ਨੂੰ ਤਿਆਗ ਕੇ....। ਇੱਥੇ ਉਹ 'ਸੋ' ਦਾ ਅਰਥ ਵਰਗਾ ਕਰਦੇ ਹਨ ਜਦਕਿ ਅਰਥ ਹੈ 'ਓਹ, ਪਾਰਬ੍ਰਹਮ, ਕਰਤਾਰ' ਅਤੇ ਉਹ 'ਹੀਰਾ' ਦਾ ਅਰਥ 'ਹੀਰਾ' ਹੀ ਕਰਦੇ ਹਨ ਜਦਕਿ 'ਹੀਰਾ' ਦਾ ਅਰਥ ਹੈ 'ਕਰਤਾਰ, ਪਾਰਬ੍ਰਹਮ' ਗੁਰੂ ਕਬੀਰ ਜੀ ਨੇ ਆਪਣੀ ਬਾਣੀ ਵਿਚ 'ਹੀਰਾ' ਨੂੰ ਕਰਤਾਰ ਦੇ ਅਰਥਾਂ ਵਿਚ ਵਰਤਿਆ ਹੈ, "ਹੀਰਾ ਕਰਉ ਆਦੇਸ਼"

ਪ੍ਰੋ: ਲਾਲ ਸਿੰਘ ਅਨੁਸਾਰ, ਬਹੁਤੇ ਵਿਦਵਾਨ 'ਸੋ' ਦਾ ਅਰਥ 'ਵਰਗਾ' ਕਰਦੇ ਹਨ। ਇਸ ਤਰ੍ਹਾਂ 'ਸੋ' ਨੂੰ ਉਪਮਾ-ਅਲੰਕਾਰ ਦੇ ਤੌਰ 'ਤੇ ਵਰਤਦੇ ਹਨ। ਇਸ ਸਲੋਕ ਵਿਚ ਅਰਥ 'ਵਰਗਾ' ਨਹੀਂ ਬਣਦੇ। ਡਾ: ਓਮ ਪ੍ਰਕਾਸ਼ ਸਪੱਸ਼ਟ ਕਰਦੇ ਹਨ ਕਿ–

ਉਪਮਾ ਅੰਦਰ ਕਿਸੇ ਵਸਤੂ ਦੀ ਸਮਾਨਤਾ ਕਰਕੇ ਤੋਲਿਆ ਅਰਥਾਤ ਪਰਖਿਆ ਜਾਂਦਾ ਹੈ।

ਜਿੱਥੇ ਕਿਸੇ ਵਸਤੂ ਦੇ ਰੂਪ ਗੁਣ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਲਈ, ਕਿਸੇ ਵਾਧੂ ਉਤਕਰਸ਼ ਵਾਲੀ ਵਸਤੂ ਨਾਲ ਇਸ ਦੀ ਸਮਾਨਤਾ ਕੀਤੀ ਜਾਂਦੀ ਹੈ ਉਥੇ ਉਪਮਾ ਅਲੰਕਾਰ ਹੁੰਦਾ ਹੈ।"

ਇਸ ਸਲੋਕ ਵਿਚ ਪਾਰਬ੍ਰਹਮ ਦੀ ਸਮਾਨਤਾ ਲਈ ਕੋਈ ਵੀ ਵਸਤੂ ਨਹੀਂ ਹੈ ਅਤੇ ਨਾ ਹੀ ਸਮੁੱਚੀ ਸ੍ਰਿਸ਼ਟੀ ਵਿਚ ਕੋਈ ਅਜਿਹੀ ਵਸਤੂ ਉਪਲਬਧ ਹੈ। ਗੁਰੂ ਰਵਿਦਾਸ ਜੀ ਇਸ ਵਿਚਾਰ ਨੂੰ ਹੋਰ ਪਰਪੱਕ ਕਰਦੇ ਦ੍ਰਿੜ੍ਹਾਉਂਦੇ ਹਨ ਕਿ ਪ੍ਰਭੂ ਦੀ ਪੈਦਾ ਕੀਤੀ ਵਸਤ ਨਾ ਤਾਂ ਉਸਦੇ ਸਮਾਨ ਹੋ ਸਕਦੀ ਹੈ ਅਤੇ ਨਾ ਹੀ ਪ੍ਰਭੂ ਤੋਂ ਵੱਧ ਸ੍ਰੇਸ਼ਟ ਵਿਸ਼ੇਸ਼ਤਾ ਵਾਲੇ ਗੁਣ ਉਸ ਵਸਤ ਵਿਚ ਹੋ ਸਕਦੇ ਹਨ। ਸੋ ਸਪੱਸ਼ਟ ਹੈ ਕਿ ਪਾਰਬ੍ਰਹਮ ਪ੍ਰਭ ਲਈ ਉਪਮਾ ਅਲੰਕਾਰ ਦੀ ਵਰਤੋਂ ਕੀਤੀ ਹੀ ਨਹੀਂ ਜਾ ਸਕਦੀ ਕਿਉਂਕਿ ਪ੍ਰਭ ਵਰਗਾ ਤਾਂ ਪ੍ਰਭ ਕੇਵਲ ਖ਼ੁਦ ਆਪ ਹੀ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ–

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥
ਜੈਸਾ ਤੂ ਤੈਸਾ ਤੂ ਹੀ॥ ਕਿਆ ਉਪਮਾ ਦੀਜੈ॥

ਕੁਝ ਵਿਦਵਾਨ ਇਸ ਸਲੋਕ ਨੂੰ ਗੁਰੂ ਰਵਿਦਾਸ ਜੀ ਦਾ ਉਚਾਰਨ ਕੀਤਾ ਨਹੀਂ ਮੰਨਦੇ। ਉਹ ਇਸ ਨੂੰ ਗੁਰੂ ਕਬੀਰ ਜੀ ਦਾ ਉਚਾਰਿਆ ਮੰਨਦੇ ਹਨ। ਕਾਰਨ ਇਹ ਕਿ ਇਹ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ "ਸਲੋਕ ਭਗਤ ਕਬੀਰ ਜੀਉ ਕੇ" ਸਿਰਲੇਖ ਹੇਠ ਗੁਰੂ ਕਬੀਰ ਜੀ ਦੇ ਸਲੋਕਾਂ ਤੋਂ ਬਾਅਦ ੨੪੨ ਨੰ: 'ਤੇ ਆਉਂਦਾ ਹੈ। ਇਸ ਸਲੋਕ ਵਿਚ ਸਪੱਸ਼ਟ ਤੌਰ 'ਤੇ ਗੁਰੂ ਰਵਿਦਾਸ ਜੀ ਦਾ ਨਾਮ ਦਰਜ ਹੈ ਅਤੇ ਹੋਰ ਵੀ ਕਈ ਕਾਰਨਾਂ ਤੋਂ ਇਹੀ ਸਪੱਸ਼ਟ ਹੁੰਦਾ ਹੈ ਕਿ ਇਹ ਸਲੋਕ ਗੁਰੂ ਰਵਿਦਾਸ ਜੀ ਦਾ ਹੀ ਹੈ। ਵਧੇਰੇ ਜਾਣਕਾਰੀ ਲਈ ਪ੍ਰੋ: ਲਾਲ ਸਿੰਘ ਜੀ ਦੀ ਪੁਸਤਕ 'ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਪੜ੍ਹੋ। ਪ੍ਰੋ: ਸਾਹਿਬ ਅਨੁਸਾਰ ਇਸ ਸਲੋਕ ਵਿਚ ਸੋਹੰ/੧ਓ ਦਾ ਸਿਧਾਂਤ ਵੀ ਉਪਲਬਧ ਹੈ।

ਸਾਡੀ ਇਹ ਹੱਥ ਜੋੜ ਕੇ ਬੇਨਤੀ ਹੈ ਕਿ ਕੋਈ ਵੀ ਵਿਦਵਾਨ ਜਾਂ ਲੇਖਕ ਆਪਣੀ ਰਚਨਾ ਵਿਚ ਇਸ ਸਲੋਕ ਨੂੰ ਗੁਰੂ ਰਵਿਦਾਸ ਜੀ ਤੋਂ ਬਿਨਾਂ ਕਿਸੇ ਹੋਰ ਮਹਾਂਪੁਰਸ਼ ਦਾ ਉਚਾਰਿਆ ਨਾ ਲਿਖੇ। ਜੇਕਰ ਕੋਈ ਲਿਖਣਾ ਚਾਹੁੰਦਾ ਹੈ ਤਾਂ ਉਹ ਸਾਡੀਆਂ ਜਾਂ ਦਲਿਤ ਕੌਮ ਦੀਆਂ ਦਲੀਲਾਂ ਨੂੰ ਖ਼ੁਦ ਸੰਪਰਕ ਕਰਕੇ ਗਲਤ ਸਾਬਿਤ ਕਰੇ।

# ਜੋ ਹਮ ਸਹਰੀ ਸੁ ਮੀਤੁ ਹਮਾਰਾ॥

*ਲੇਖਕ—ਮਹਿੰਦਰ ਸੰਧੂ 'ਮਹੇੜੂ'*

ਆਦਿ ਕਾਲ ਤੋਂ ਲੈ ਕੇ ਹੁਣ ਤੱਕ ਭਾਰਤ ਦੀ ਧਰਤੀ ਉੱਤੇ ਅਨੇਕਾਂ ਪਵਿੱਤਰ ਆਤਮਾਵਾਂ ਤੇ ਮਹਾਂਪੁਰਸ਼ਾਂ ਨੇ ਜਨਮ ਧਾਰ ਕੇ ਸੰਸਾਰੀ ਜੀਵਾਂ ਨੂੰ ਆਪਣੇ ਉਪਦੇਸ਼ਾਂ ਦੁਆਰਾ ਚੌਰਾਸੀ ਲੱਖ ਜੂਨਾਂ ਦੇ ਗੇੜ ਤੋਂ ਮੁਕਤ ਹੋਣ ਦਾ ਢੰਗ ਦੱਸਿਆ। ਉਹਨਾਂ ਬ੍ਰਹਮ-ਚਿੰਤਕਾਂ ਮਹਾਂਪੁਰਸ਼ਾਂ ਦੀ ਕਤਾਰ ਵਿਚ ਸ਼੍ਰੋਮਣੀ ਸੰਤ ਗੁਰੂ ਰਵਿਦਾਸ ਜੀ ਦਾ ਨਾਮ ਸਭ ਤੋਂ ਉੱਚਾ ਹੈ। ਸਤਿਗੁਰੂ ਜੀ ਸਭਨਾਂ ਦੇ ਸਾਂਝੇ ਗੁਰੂ ਹਨ। ਗੁਰੂ ਰਵਿਦਾਸ ਜੀ ਦਾ ਬਖਸ਼ਿਸ਼ ਕੀਤਾ ਉਪਦੇਸ਼ ਸਮੁੱਚੀ ਮਾਨਵਤਾ ਲਈ ਸੁਖਦਾਈ ਅਤੇ ਗਿਆਨ ਦਾ ਕੀਮਤੀ ਖ਼ਜ਼ਾਨਾ ਹੈ ਜੋ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰਦਾ ਹੈ। ਗੁਰੂ ਸਾਹਿਬ ਚਾਰੇ ਵਰਨਾਂ ਨੂੰ ਇਕ ਹਰਿ ਦੀ ਛਤਰ-ਛਾਇਆ ਹੇਠ ਇਕੱਠਾ ਕਰਨਾ ਚਾਹੁੰਦੇ ਸਨ। ਉਨ੍ਹਾਂ ਦੀ ਅੰਮ੍ਰਿਤ ਬਾਣੀ ਤੋਂ ਸਰਬ-ਸਾਂਝੀਵਾਲਤਾ ਦੀ ਝਲਕ ਸਾਫ਼ ਮਹਿਸੂਸ ਹੁੰਦੀ ਹੈ। ਆਪ ਜੀ ਦਾ ਫੁਰਮਾਨ ਹੈ--

ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥

*(ਗੁਰੂ ਗ੍ਰੰਥ ਸਾਹਿਬ ਪੰਨਾ ੩੪੫)*

ਮੁਸਲਮਾਨ ਸੋਂ ਦੋਸਤੀ, ਹਿੰਦੂਅਨ ਸੋਂ ਕਰ ਪ੍ਰੀਤ॥
ਰਵਿਦਾਸ ਜੋਤਿ ਸਭ ਰਾਮ ਕੀ, ਸਭ ਹੈਂ ਅਪਨੇ ਮੀਤ॥

*(ਸਤਿਗੁਰੂ ਰਵਿਦਾਸ ਜੀ, ਪ੍ਰਕਾਸ਼ਕ ਜਸਬੀਰ ਜੱਸੀ, ਪੰਨਾ ੧੪੦)*

ਪਰਾਧੀਨਤਾ ਪਾਪ ਹੈ, ਜਾਨ ਲੇਹੁ ਰੇ ਮੀਤ॥
ਰਵਿਦਾਸ ਦਾਸ ਪਰਾਧੀਨ ਕੋ, ਸਭਹੀ ਸਮਝੈ ਹੀਨ॥

*(ਸਤਿਗੁਰੂ ਰਵਿਦਾਸ ਜੀ, ਪ੍ਰਕਾਸ਼ਕ ਜਸਬੀਰ ਜੱਸੀ, ਪੰਨਾ ੧੩੯)*

ਸਮੁੱਚੇ ਭਾਈਚਾਰੇ ਨੂੰ ਸਮਾਨਤਾ ਬਖਸ਼ਿਸ਼ ਕਰਨ ਵਾਲੇ ਰਹਿਬਰ ਦਾ ਪ੍ਰਕਾਸ਼ ਮਾਘ ਦੀ ਪੂਰਨਮਾਸ਼ੀ ਸੰਨ ੧੩੭੭ ਈ: ਸੀਰ ਗੋਵਰਧਨਪੁਰ (ਬਨਾਰਸ-ਯੂ.ਪੀ.) ਦੀ ਪਵਿੱਤਰ ਧਰਤੀ ਉੱਤੇ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾਂ ਦੇਵੀ ਜੀ ਦੀ ਪਾਵਨ ਕੁੱਖੋਂ ਹੋਇਆ। ਗੁਰੂ ਸਾਹਿਬ ਨੇ ਆਪਣੀ 151 ਸਾਲ ਦੀ ਆਯੂ ਵਿਚ ਅਨੋਖੇ ਹੀ ਚੋਜ ਵਰਤਾਏ। ਸਾਰਾ ਜੀਵਨ ਲਤਾੜੀਆਂ ਹੋਈਆਂ ਕੌਮਾਂ ਨੂੰ ਉੱਪਰ ਚੁੱਕਣ ਲਈ ਲਗਾ ਦਿੱਤਾ। ਅਖੌਤੀ ਸ਼ੂਦਰਾਂ, ਔਰਤਾਂ ਅਤੇ ਗਰੀਬਾਂ ਉੱਪਰ ਜ਼ੁਲਮ ਕਰਨ ਵਾਲੇ ਬ੍ਰਾਹਮਣਵਾਦੀ, ਮਨੂੰਵਾਦੀ ਜ਼ਾਲਮਾਂ ਨੂੰ ਵੰਗਾਰਿਆ ਤੇ ਕਿਹਾ ਕਿ ਸਭ ਜੀਵ ਉਸ ਪ੍ਰਭੂ ਦੀ ਅੰਸ਼ ਹਨ। ਜੇਕਰ ਪ੍ਰਭੂ ਕਨਕ (ਸੋਨਾ) ਹੈ ਭਾਵ ਸੋਨੇ ਦੀ ਡਲੀ ਹੈ ਤਾਂ ਜੀਵ ਉਸ ਤੋਂ (ਸੋਨੇ ਦੀ ਡਲੀ ਤੋਂ) ਬਣਿਆ ਕਟਕ (ਕੜਾ) ਹੈ ਅਤੇ ਜੇਕਰ ਪ੍ਰਭੂ ਜਲ ਹੈ ਤਾਂ ਜੀਵ ਤਰੰਗ (ਲਹਿਰ) ਹੈ। ਜਿਵੇਂ ਸੁਨਿਆਰਾ ਸੋਨੇ ਦੀ ਡਲੀ ਤੋਂ ਸੋਨੇ ਦਾ ਕੜਾ ਤਿਆਰ ਕਰਦਾ ਹੈ ਅਤੇ ਫਿਰ ਜਦ ਚਾਹੇ ਸੋਨੇ ਦੇ ਕੜੇ ਨੂੰ ਢਾਲ ਕੇ ਸੋਨੇ ਦੀ ਡਲੀ ਵਿਚ ਤਬਦੀਲ ਕਰ ਲੈਂਦਾ ਹੈ। ਇਸੇ ਤਰ੍ਹਾਂ ਪਾਣੀ ਉੱਪਰ ਤਰੰਗ ਪੈਦਾ ਹੁੰਦੀ ਹੈ ਅਤੇ ਕੁਝ ਦੇਰ ਬਾਅਦ ਫਿਰ ਉਹ ਤਰੰਗ ਪਾਣੀ ਵਿਚ ਸਮਾ ਜਾਂਦੀ ਹੈ। ਇਸੇ ਕਰਕੇ ਜਿਵੇਂ ਸੋਨੇ ਦੇ ਕੜੇ ਅਤੇ ਪਾਣੀ ਦੀ ਤਰੰਗ ਦੀ ਆਪਣੀ ਹੋਂਦ ਕੁਝ ਵੀ ਨਹੀਂ ਹੈ, ਉਸੇ ਤਰ੍ਹਾਂ ਸਾਰੇ ਜੀਵਾਂ ਦੀ ਆਪਣੀ ਹੋਂਦ ਕੁਝ ਵੀ ਨਹੀਂ ਹੈ, ਸਾਰੇ ਉਸ ਪ੍ਰਭੂ ਦੀ ਅੰਸ਼ ਹਨ। ਫਿਰ ਸ਼ੂਦਰ, ਬ੍ਰਾਹਮਣ

ਔਰਤ-ਮਰਦ ਜਾਂ ਅਮੀਰ-ਗਰੀਬ ਕਿਵੇਂ ਹੋਏ। ਫੁਰਮਾਨ ਹੈ—

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਕ, ਜਲ ਤਰੰਗ ਜੈਸਾ॥**

*(ਗੁਰੂ ਗ੍ਰੰਥ ਸਾਹਿਬ ਪੰਨਾ ੯੩)*

ਫਿਰ ਤਾਂ ਸਰਬ-ਲੁਕਾਈ ਨੂੰ ਪ੍ਰਭੂ ਸਿਮਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਗੁਰੂ ਜੀ ਦੇ ਸਮੇਂ ਔਰਤ ਦੀ ਹਾਲਤ ਬਹੁਤ ਤਰਸਯੋਗ ਸੀ। ਔਰਤਾਂ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਨਾ ਪ੍ਰਭੂ ਸਿਮਰਨ ਕਰ ਸਕਦੀਆਂ ਸਨ ਅਤੇ ਨਾ ਹੀ ਪੜ੍ਹ-ਲਿਖ ਸਕਦੀਆਂ ਸਨ।

ਮੁਕਦੀ ਗੱਲ ਭਾਰਤੀ ਸਮਾਜ ਵਿਚ ਇਸਤਰੀਆਂ ਨੂੰ ਪੁਰਸ਼ਾਂ ਦੀ ਜੁੱਤੀ ਸਮਝਿਆ ਜਾਂਦਾ ਸੀ। ਸ੍ਰੀ ਗੁਰੂ ਰਵਿਦਾਸ ਜੀ ਨੇ ਇਸ ਸਮਾਜਿਕ ਬਿਮਾਰੀ ਦਾ ਸਖਤ ਖੰਡਨ ਕੀਤਾ ਤੇ ਇਸ ਵਧੀਕੀ ਨੂੰ ਖਤਮ ਕਰਨ ਵਾਸਤੇ ਸਤਿਸੰਗ ਦੀ ਰਸਮ ਸ਼ੁਰੂ ਕਰਵਾ ਕੇ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਮਾਣ ਵਡਿਆਈ ਬਖਸ਼ਿਸ਼ ਕੀਤੀ ਅਤੇ ਅੰਮ੍ਰਿਤਮਈ ਬਾਣੀ ਦੇ ਉਪਦੇਸ਼ ਦੁਆਰਾ ਸਭ ਜਾਤਾਂ-ਪਾਤਾਂ ਦੇ ਭੇਦ ਖਤਮ ਕਰ ਦਿੱਤੇ। ਸਤਿਗੁਰੂ ਜੀ ਦੀ ਸੰਗਤ ਵਿਚ ਸ਼ਿਸ਼ ਸੰਤ ਮੀਰਾਂ ਬਾਈ ਜੀ ਦਾ ਨਾਮ ਚੰਨ ਵਾਂਗ ਸੰਸਾਰ ਵਿਚ ਚਮਕ ਰਿਹਾ ਹੈ। ਗੁਰਦੇਵ ਜੀ ਪਾਸੋਂ ਅੰਮ੍ਰਿਤ ਨਾਮ ਦੀ ਦਾਤ ਪ੍ਰਾਪਤ ਕਰ ਮੀਰਾਂ-ਹਰਿ-ਹਰਿ ਕਰਦੀ ਹਰਿ ਦੇ ਰੂਪ ਵਿਚ ਲੀਨ ਹੋ ਗਈ। ਗੁਰੂ ਜੀ ਵੀ ਫਰਮਾਉਂਦੇ ਹਨ ਜੋ ਪ੍ਰਭੂ ਸਿਮਰਨ ਕਰਦੇ ਹਨ ਉਹ ਜਨ ਹਮੇਸ਼ਾ ਭਵਸਾਗਰ ਪਾਰ ਕਰ ਜਾਂਦੇ ਹਨ।

**ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥**
**ਹਰਿ ਸਿਮਰਤ ਜਨ ਗਏ, ਨਿਸਤਰਿ ਤਰੇ॥**

*(ਗੁਰੂ ਗ੍ਰੰਥ ਸਾਹਿਬ ਪੰਨਾ ੪੮)*

ਗਰੀਬ ਨਿਵਾਜੁ ਸ੍ਰੀ ਗੁਰੂ ਰਵਿਦਾਸ ਜੀ ਦਾ ਸਤਿਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਕਰਿਆ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤਿਗੁਰੂ ਰਵਿਦਾਸ ਜੀ ਦੀ ਹੱਥ-ਲਿਖਤ ਬਾਣੀ ਬਨਾਰਸ ਜਾ ਕੇ ਗੁਰੂ ਸਾਹਿਬ ਜੀ ਪਾਸੋਂ ਪ੍ਰਾਪਤ ਕੀਤੀ। ਗੁਰਬਾਣੀ ਪ੍ਰਾਪਤ ਅਸਥਾਨ ਨੂੰ ਅੱਜਕੱਲ੍ਹ ਗੁਰਦੁਆਰਾ "ਗੁਰੂ ਕਾ ਬਾਗ" (ਬਨਾਰਸ) ਨਾਮ ਨਾਲ ਜਾਣਿਆ ਜਾਂਦਾ ਹੈ। ਬਾਅਦ ਵਿਚ ਗੁਰੂ ਨਾਨਕ ਸਰੂਪ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ-ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾਉਂਦੇ ਸਮੇਂ ਗੁਰੂ ਸਾਹਿਬ ਜੀ ਦੇ ਚਾਲੀ ਸ਼ਬਦ ਇਕ ਸਲੋਕ ਦਰਜ ਕਰਵਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਗੁਰੂ ਸਾਹਿਬ ਜੀ ਬਾਰੇ ਆਪ ਮਹਾਰਾਜ ਜੀ ਇੰਝ ਲਿਖਦੇ ਹਨ—

**ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰੂ ਨਾਨਕ ਦੇਵ ਗੋਵਿੰਦ ਰੂਪ॥**

*(ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੨)*

ਬੜੇ ਦੁੱਖ ਦੀ ਗੱਲ ਹੈ ਕਿ ਕਈ ਸਦੀਆਂ ਬੀਤਣ ਪਿੱਛੋਂ ਵੀ ਕਿਸੇ ਨੇ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਦੀ ਖੋਜ ਕਰਵਾ ਕੇ ਇਤਿਹਾਸਕ ਯਾਦਗਾਰ ਉਸਾਰਨ ਦਾ ਉਪਰਾਲਾ ਨਹੀਂ ਕਰ ਵਿਖਾਇਆ। ਗੁਰੂ ਜੀ ਦਾ ਜਨਮ ਅਖੌਤੀ ਸ਼ੂਦਰਾਂ ਦੇ ਘਰ ਹੋਣ ਕਰਕੇ ਉਹਨਾਂ ਦੇ ਜੀਵਨ ਇਤਿਹਾਸ ਦੀ ਖੋਜ ਕਰਕੇ ਕਿਸੇ ਲੇਖਕ ਨੇ ਕੁਝ ਲਿਖਣ ਦਾ ਯਤਨ ਬਹੁਤ ਘੱਟ ਕੀਤਾ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ ਦਰਸਾਇਆ ਹੋਇਆ ਕ੍ਰਾਂਤੀਕਾਰੀ ਮਿਸ਼ਨ ਵੀ ਕਾਫੀ ਸਮਾਂ ਅਧੂਰਾ ਪਿਆ ਰਿਹਾ। ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਫੈਲਾਉਣ

ਦਾ ਬੀੜਾ ਡੇਰਾ ਸੱਚਖੰਡ ਬਲਾਂ ਦੇ ਮਹਾਂਪੁਰਸ਼ਾਂ ਨੇ ਚੁੱਕਿਆ। ਸੰਤ ਬਾਬਾ ਪਿੱਪਲ ਦਾਸ ਜੀ ਦੇ ਪਿਆਰੇ ਸਪੁੱਤਰ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜਨਮ ਅਸਥਾਨ ਦੀ ਖੋਜ ਸੀਰ ਗੋਵਰਧਨਪੁਰ (ਕਾਂਸ਼ੀ) ਵਿਖੇ ਕਰਵਾਈ ਤੇ ਗੁਰੂ ਘਰ ਦੀ ਸ਼ਰਧਾਲੂ ਸੰਗਤ ਨੂੰ ਮੰਦਿਰ ਬਣਾਉਣ ਦਾ ਹੁਕਮ ਕੀਤਾ। ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗੋਵਰਧਨਪੁਰ ਮੰਦਰ (ਬਨਾਰਸ) ਦਾ ਨੀਂਹ ਪੱਥਰ ਸੰਤ ਹਰੀਦਾਸ ਜੀ ਪਾਸੋਂ ਸੰਮਤ 2022 (1964 ਈ:) ਦੀ ਸੰਗ੍ਰਾਂਦ ਦਿਨ ਸੋਮਵਾਰ ਨੂੰ ਰਖਵਾਇਆ ਗਿਆ। ਗੁਰੂ ਘਰ ਦੀ ਕਾਰ-ਸੇਵਾ ਵਾਸਤੇ ਸ਼ਰਧਾਲੂ ਸੰਗਤਾਂ ਪੰਜਾਬ ਤੋਂ ਬਨਾਰਸ ਡੇਰਾ ਸੱਚਖੰਡ ਬੱਲਾਂ ਦੀ ਅਗਵਾਈ ਹੇਠ ਜਾਣ ਲੱਗੀਆਂ। ਸ੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ ਨੇ ਮੰਦਿਰ ਦੀ ਉਸਾਰੀ ਦੀ ਸੇਵਾ ਦੀ ਜ਼ਿੰਮੇਵਾਰੀ ਆਪਣੇ ਸੇਵਕ ਸੰਤ ਗਰੀਬ ਦਾਸ ਜੀ ਨੂੰ ਸੌਂਪੀ ਜਿਨ੍ਹਾਂ ਨੇ ਸੱਚੀ ਪ੍ਰਭੂ ਭਗਤੀ ਨਾਲ ਗੁਰੂ ਘਰ ਦੀ ਉਸਾਰੀ ਨੂੰ ਸਿਰੇ ਚੜ੍ਹਾ ਕੇ ਮੰਦਿਰ ਉੱਪਰ ਸੋਨੇ ਦਾ ਸੱਤ ਫੁੱਟ ਉੱਚਾ ਕਲਸ਼ ਸੁਸ਼ੋਭਿਤ ਕਰਵਾਇਆ। ਅੱਜਕੱਲ੍ਹ ਗੁਰੂ ਘਰ ਦੀ ਸੇਵਾ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਟਰੱਸਟ ਬਨਾਰਸ, ਸ੍ਰੀ 108 ਸੰਤ ਸਰਵਣ ਦਾਸ ਟਰੱਸਟ ਯੂ. ਕੇ., ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਟਰੱਸਟ ਕਠਾਰ, ਸਰਪ੍ਰਸਤ ਬੇਗਮਪੁਰਾ ਸ਼ਹਿਰ ਸੁੰਦਰ ਨਗਰ ਜਲੰਧਰ ਦੀ ਅਗਵਾਈ ਹੇਠ ਚੱਲ ਰਹੀ ਹੈ। ਉਹਨਾਂ ਦੇ ਨਾਲ ਸੰਤ ਸੁਰਿੰਦਰ ਦਾਸ ਜੀ, ਸੰਤ ਰਾਮਾ ਨੰਦ ਜੀ, ਸੰਤ ਸੁਰਿੰਦਰ ਦਾਸ ਬਾਵਾ ਜੀ ਵੀ ਗੁਰੂ ਸਾਹਿਬ ਜੀ ਦੇ ਮਿਸ਼ਨ ਨਾਲ ਸੰਗਤਾਂ ਨੂੰ ਜੋੜਨ ਵਾਸਤੇ ਯਤਨ ਕਰ ਰਹੇ ਹਨ। ਸੰਤ ਨਿਰੰਜਣ ਦਾਸ ਜੀ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਪਵਿੱਤਰ ਯਾਦ ਵਿਚ ਬਨਾਰਸ ਵਿਖੇ ਗੇਟ ਦੀ ਉਸਾਰੀ ਵੀ ਕਰਵਾਈ ਹੈ। ਗੇਟ ਦਾ ਉਦਘਾਟਨ 16 ਜੁਲਾਈ, 1998 ਦਿਨ ਵੀਰਵਾਰ ਨੂੰ ਭਾਰਤ ਦੇ ਰਾਸ਼ਟਰਪਤੀ ਸ੍ਰੀ ਕੇ. ਆਰ. ਨਾਰਾਇਣਨ ਜੀ ਨੇ ਕੀਤਾ। ਇਸ ਮੌਕੇ 'ਤੇ ਉਹਨਾਂ ਦੇ ਨਾਲ ਮੁੱਖ ਮੰਤਰੀ ਉੱਤਰ ਪ੍ਰਦੇਸ਼, ਸ੍ਰੀ ਕਲਿਆਣ ਸਿੰਘ, ਬਸਪਾ ਆਗੂ ਸ੍ਰੀ ਕਾਂਸ਼ੀ ਰਾਮ ਜੀ ਅਤੇ ਰਾਜਪਾਲ ਸ੍ਰੀ ਸੂਰਜਭਾਨ ਜੀ ਵੀ ਸ਼ਾਮਲ ਸਨ। ਉਦਘਾਟਨ ਤੋਂ ਮਗਰੋਂ ਰਾਸ਼ਟਰਪਤੀ ਗੁਰੂ ਘਰ ਦੇ ਦਰਸ਼ਨ ਕਰਨ ਗਏ। ਉੱਥੇ ਉਹਨਾਂ ਦਾ ਸਵਾਗਤ ਸੰਤ ਨਿਰੰਜਣ ਦਾਸ ਜੀ, ਸੰਤ ਸੁਰਿੰਦਰ ਦਾਸ ਜੀ ਅਤੇ ਸੰਤ ਰਾਮਾ ਨੰਦ ਜੀ ਮਹਾਂਪੁਰਸ਼ਾਂ ਨੇ ਕੀਤਾ। ਸ੍ਰੀ ਰਵਿਦਾਸ ਮੰਦਿਰ ਦਾ ਸੁੰਦਰ ਸਰੂਪ ਮਾਡਲ ਰਾਸ਼ਟਰਪਤੀ ਨੂੰ ਸੰਤਾਂ ਵਲੋਂ ਭੇਟ ਕੀਤਾ ਗਿਆ। ਬੱਲਾਂ ਵਾਲੇ ਸੰਤਾਂ ਦੇ ਯਤਨਾਂ ਸਦਕਾ ਬਨਾਰਸ ਵਿਖੇ ਸ੍ਰੀ ਗੁਰੂ ਰਵਿਦਾਸ ਪਾਰਕ, ਸ੍ਰੀ ਗੁਰੂ ਰਵਿਦਾਸ ਸਮਾਰਕ, ਸ੍ਰੀ ਗੁਰੂ ਰਵਿਦਾਸ ਘਾਟ, ਸ੍ਰੀ ਗੁਰੂ ਰਵਿਦਾਸ ਆਈ. ਏ. ਐਸ. ਅਤੇ ਪੀ. ਸੀ. ਐਸ. ਕੋਚਿੰਗ ਸੈਂਟਰ ਆਦਿ ਸਥਾਨ ਸਤਿਗੁਰੂ ਦੀ ਪਵਿੱਤਰ ਯਾਦ 'ਚ ਭਾਰਤ ਸਰਕਾਰ ਨੇ ਬਣਾਏ ਹਨ। ਸਰਕਾਰ ਸ੍ਰੀ ਗੁਰੂ ਰਵਿਦਾਸ ਹਸਪਤਾਲ ਬਣਾਉਣ ਦਾ ਐਲਾਨ ਵੀ ਕਰ ਚੁੱਕੀ ਹੈ। ਡੇਰੇ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨਾਲ ਸੰਗਤਾਂ ਨੂੰ ਜੋੜਨ ਵਾਸਤੇ ਬੇਗਮਪੁਰਾ ਸ਼ਹਿਰ ਅਖਬਾਰ ਦੁਆਰਾ ਗੁਰੂ ਸਾਹਿਬਾਨਾਂ ਦਾ ਉਪਦੇਸ਼ ਦੇਸ਼-ਪ੍ਰਦੇਸ਼ ਵਿਚ ਪਹੁੰਚਾਇਆ ਜਾਂਦਾ ਹੈ। ਹਰ ਸਾਲ ਸੰਤ ਨਿਰੰਜਣ ਦਾਸ ਜੀ ਦੀ ਅਗਵਾਈ ਹੇਠ ਗੁਰੂ ਸਾਹਿਬ ਜੀ ਦਾ ਜਨਮ ਦਿਹਾੜਾ ਉਹਨਾਂ ਦੇ ਜਨਮ ਅਸਥਾਨ ਸੀਰ ਗੋਵਰਧਨਪੁਰ (ਕਾਂਸ਼ੀ) ਵਿਖੇ ਮਨਾਇਆ ਜਾਂਦਾ ਹੈ। ਸਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਹਰ ਸਾਲ ਦੇਸ਼ ਪ੍ਰਦੇਸ਼ ਤੋਂ ਗੁਰਪੁਰਬ ਮਨਾਉਣ ਵਾਸਤੇ ਗੁਰੂ ਘਰ ਵਿਖੇ ਹਾਜ਼ਰੀ ਭਰ ਕੇ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਆਓ ਆਪਾਂ ਵੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਬਖਸ਼ਿਸ਼ ਕੀਤੀਆਂ ਸਿੱਖਿਆਵਾਂ ਉੱਪਰ ਚਲਦੇ ਹੋਏ ਪਰਮ-ਪਿਤਾ ਪਰਮਾਤਮਾ ਦੇ ਚਰਨ ਕਮਲਾਂ ਨਾਲ ਮਨ ਜੋੜੀਏ ਤਾਂਕਿ ਜੀਵਨ ਦਾ ਉਧਾਰ ਹੋ ਸਕੇ। ਸਤਿਗੁਰੂ

ਜੀ ਦਾ ਹੁਕਮ ਹੈ ਉਹੀ ਸਭ ਦਾ ਮੁਕਤੀ ਦਾਤਾ ਹੈ।

ਮੁਕੰਦ ਮੁਕੰਦ ਜਪਹੁ ਸੰਸਾਰ॥ ਬਿਨੁ ਮੁਕੰਦ ਤਨੁ ਹੋਇ ਅਉਹਾਰ॥
ਸੋਈ ਮੁਕੰਦੁ ਮੁਕਤਿ ਕਾ ਦਾਤਾ॥ ਸੋਈ ਮੁਕੰਦੁ ਹਮਰਾ ਪਿਤ ਮਾਤਾ॥

*(ਗੁਰੂ ਗ੍ਰੰਥ ਸਾਹਿਬ, ਪੰਨਾ ੮੭੫)*

* * *

# ਸ੍ਰੀ ਗੁਰੂ ਰਵਿਦਾਸ ਜੀ ਦਾ ਕਿਰਤ ਸੰਦੇਸ਼

ਅੱਜ ਸਾਡੇ ਸਮਾਜ ਖਾਸ ਕਰਕੇ ਨੌਜਵਾਨ ਵਰਗ ਵਿਚ ਹੱਥੀਂ ਕਿਰਤ ਕਰਨ ਦੀ ਪ੍ਰਵਿਰਤੀ ਦਿਨੋ-ਦਿਨ ਘੱਟ ਰਹੀ ਹੈ। ਹਰ ਕੋਈ ਬਿਨਾਂ ਮਿਹਨਤ ਕੀਤਿਆਂ ਰਾਤੋ-ਰਾਤ ਅਮੀਰ ਹੋਣਾ ਚਾਹੁੰਦਾ ਹੈ। ਇਸੇ ਤਰ੍ਹਾਂ ਦੀ ਲਾਲਸਾ ਕਾਰਨ ਸਾਡੇ ਨੌਜਵਾਨ ਵਿਹਲੜ ਅਤੇ ਨਸ਼ਈ ਹੋਈ ਜਾ ਰਹੇ ਹਨ। ਦੂਸਰਾ ਸਾਡੇ ਸਮਾਜ ਵਿਚ ਬਲੈਕਮਨੀ ਨੇ ਮਹਿੰਗਾਈ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ। ਇਸ ਕਰਕੇ ਗਰੀਬ ਲੋਕ ਦੁਖੀ ਹਨ। ਅਮੀਰਾਂ ਕੋਲ ਢੇਰ ਸਾਰਾ ਪੈਸਾ ਹੋਣ ਦੇ ਬਾਵਜੂਦ ਵੀ ਉਹ ਗਰੀਬ, ਦੁਖੀ ਅਤੇ ਭੁੱਖੇ ਕਿਉਂ ਹਨ? ਪੜ੍ਹੋ ਤੇ ਜਾਣੋ।

*ਪੇਸ਼ਕਸ਼—ਅਸ਼ਵਨੀ ਹੀਰ, ਸਈਪੁਰ ਕਲਾਂ, ਜਲੰਧਰ*

ਆਮ ਵੇਖਣ ਵਿਚ ਆਉਂਦਾ ਹੈ ਕਿ ਜੋ ਪੁਰਸ਼ ਪ੍ਰਮਾਤਮਾ ਦਾ ਸ਼ਰਧਾਲੂ ਬਣਦਾ ਹੈ, ਉਹ ਸੰਸਾਰੀ ਕੰਮ-ਕਾਜ ਛੱਡ ਬੈਠਦਾ ਹੈ। ਵਿਹਲੇ ਰਹਿਣਾ ਅਤੇ ਦੂਸਰਿਆਂ ਦੇ ਘਰੋਂ ਭੋਜਨ ਛਕਣਾ ਆਪਣਾ ਅਧਿਕਾਰ ਅਤੇ ਦੂਸਰਿਆਂ ਦਾ ਫਰਜ਼ ਸਮਝਦਾ ਹੈ। ਅਜਿਹੀ ਸੋਚ ਵਾਲਾ ਸੰਤ ਆਪਣੇ ਆਪ ਨੂੰ ਭਗਤੀ ਮਾਰਗ 'ਤੇ ਠੀਕ ਚੱਲਣ ਵਾਲਾ ਮੰਨਦਾ ਹੈ। ਪ੍ਰੰਤੂ ਪ੍ਰਮ ਹੰਸ ਸਤਿਗੁਰ ਰਵਿਦਾਸ ਜੀ ਮਹਾਰਾਜ ਅਜਿਹੇ ਪ੍ਰਭੂ ਪ੍ਰੇਮੀ ਹੋਏ ਹਨ ਜੋ ਨਾਮ ਸਿਮਰਨ ਦੇ ਨਾਂਅ ਦੇ ਨਾਲ-ਨਾਲ ਕਿਰਤ ਕਰਨ ਨੂੰ ਪਵਿੱਤਰ ਅਤੇ ਮਹਾਨ ਕਾਰਜ ਸਮਝਦੇ ਹਨ। ਉਨ੍ਹਾਂ ਅਨੁਸਾਰ ਪ੍ਰਭੂ ਦੀ ਭਗਤੀ ਤੇ ਸ਼੍ਰਮ (ਕਿਰਤ) ਸਾਧਨਾ ਨਾਲ ਜੀਵਨ ਨੂੰ ਸਫਲਤਾ ਮਿਲਦੀ ਹੈ। ਉਨ੍ਹਾਂ ਦੀ ਪਵਿੱਤਰ ਰਸਨਾ ਤੋਂ ਉਚਰੇ ਇਹ ਸ਼ਬਦ ਇਸ ਗੱਲ ਦੀ ਗਵਾਈ ਭਰਦੇ ਹਨ। ਉਨ੍ਹਾਂ ਦੇ ਪ੍ਰਵਚਨ ਹਨ—

ਪ੍ਰਭ ਭਗਤਿ ਸ਼੍ਰਮ ਸਾਧਨਾ, ਜੱਗ ਮੇਂ ਜਿਨਹਿ ਪਾਸ॥
ਤਿਨੰਹਿ ਜੀਵਨ ਸਫਲ ਭਯੋ, ਸੱਤ ਭਾਸ਼ੇ ਰਵਿਦਾਸ॥

ਗੁਰੂ ਜੀ ਅਨੁਸਾਰ ਧਰਮ ਅਤੇ ਕਰਮ ਦੋਵੇਂ ਇਕੋ ਸਿੱਕੇ ਦੇ ਦੋ ਪਾਸੇ ਹਨ। ਧਰਮ ਤੋਂ ਬਿਨਾਂ ਜੋ ਕਾਰਜ ਕੀਤਾ ਜਾਂਦਾ ਹੈ, ਉਸ ਵਿਚ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ, ਆਪ ਜੀ ਦੀ ਰਸਨਾ ਤੋਂ ਉਚਰੇ ਸ਼ਬਦ ਇਸ ਪ੍ਰਕਾਰ ਹਨ—

ਧਰਮ ਕਰਮ ਦੋਇ ਏਕ ਹੈਂ, ਸਮਝ ਲੇਓ ਮਨ ਮਾਂਹਿ॥
ਧਰਮ ਬਿਨਾ ਜੋ ਕਰਮ ਹੈ, ਰਵਿਦਾਸ ਨਾ ਸੁੱਖ ਤਿਨ ਮਾਂਹਿ॥

ਸਤਿਗੁਰ ਜੀ ਹੋਰ ਫਰਮਾਉਂਦੇ ਹਨ ਕਿ ਸ਼੍ਰਮ (ਕ੍ਰਿਤ) ਨੂੰ ਜੋ ਈਸ਼ਵਰ ਸਮਝ ਕੇ ਦਿਨ ਰਾਤ ਮਿਹਨਤ ਦੀ ਪੂਜਾ ਕਰਦਾ ਹੈ, ਉਨ੍ਹਾਂ ਨੂੰ ਸੰਸਾਰ ਵਿਚ ਸਦਾ ਸੁੱਖ ਅਤੇ ਚੈਨ ਮਿਲਦਾ ਹੈ। ਆਪ ਜੀ ਦਾ ਫੁਰਮਾਨ ਹੈ—

ਸ਼੍ਰਮ ਕੋਉ ਈਸਰ ਜਾਨਿ ਕੈ, ਜਉ ਪੂਜਹਿ ਦਿਨ ਰੈਨ॥
ਰਵਿਦਾਸ ਤਿਨੰਹਿ ਸੰਸਾਰ ਮਹਿ, ਸਦਾ ਮਿਲਹਿ ਸੁਖ ਚੈਨ॥

ਜਗਤ ਗੁਰੂ ਰਵਿਦਾਸ ਜੀ ਕ੍ਰਿਤ (ਕਿਰਤ) ਬਾਰੇ ਉਚਾਰਦੇ ਹਨ, ਕਿ ਸ਼੍ਰਮ (ਮਿਹਨਤ) ਕਰਕੇ ਕੀਤੀ ਕਮਾਈ ਨਾਲ ਪਾਰ ਉਤਾਰਾ ਹੁੰਦਾ ਹੈ ਤੇ ਇਹ ਕਦੀ ਵੀ ਨਿਸਫਲ ਨਹੀਂ ਜਾਂਦੀ। ਉਨ੍ਹਾਂ ਅਨੁਸਾਰ—

ਰਵਿਦਾਸ ਸ਼੍ਰਮ ਕਰ ਖਾਇਏ, ਜੋ ਲੋ ਪਾਰ ਬਸਾਏ॥
ਨੇਕ ਕਮਾਈ ਜੋ ਕਰੀ, ਕਬਹੁੰ ਨਾ ਨਿਹਫਲ ਜਾਏ॥

ਮਿਹਨਤ (ਕਿਰਤ) ਕਰਨ ਦੇ ਕਾਰਜ ਨੂੰ ਆਪਣੇ-ਆਪ 'ਤੇ ਢਕਾਉਂਦੇ ਹੋਏ ਆਪਣੀ ਕ੍ਰਿਤ ਆਪਣੇ ਹੱਥਾਂ ਨਾਲ ਕਰਨ ਨੂੰ ਤੇ ਆਪਣੇ ਆਪ ਨੂੰ ਏਨੀ ਆਤਮ-ਵਿਸ਼ਵਾਸੀ ਪੱਧਰ 'ਤੇ ਲਿਜਾ ਕੇ ਫੁਰਮਾਉਂਦੇ ਹਨ ਕਿ ਸੁਚੱਜੀ ਕਿਰਤ ਹੀ ਮੇਰਾ ਧਰਮ ਹੈ ਤੇ ਇਹ ਹੀ ਮੈਨੂੰ ਇਸ ਸੰਸਾਰ ਰੂਪੀ ਸਗਰ ਤੋਂ ਪਾਰ ਉਤਾਰਾ ਕਰਵਾਏਗਾ। ਆਪ ਜੀ ਦੀ ਪਵਿੱਤਰ ਰਚਨਾ ਦੇ ਬੋਲ ਇਸ ਪ੍ਰਕਾਰ ਹਨ—

ਰਵਿਦਾਸ ਹੌਂ ਨਿਜ ਹੱਥਹਿ, ਰਾਖੌਂ ਰਾਂਬੀ ਆਰ॥
ਸੁਕਿਰਤੀ ਹੀ ਮਮ ਧਰਮ ਹੈ, ਤਾਰੈਗਾ ਭਵ ਪਾਰ॥

ਸੰਤ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਕਿਰਤ ਅਤੇ ਭਗਤੀ ਨੂੰ ਏਨੀ ਉੱਚ ਕੋਟੀ ਦੀ ਮਹੱਤਤਾ ਪ੍ਰਦਾਨ ਕਰਦੇ ਹਨ ਕਿ ਅੱਗੇ ਕੋਈ ਹੋਰ ਗੱਲ ਕਹਿਣ ਦੀ ਲੋੜ ਨਹੀਂ ਪੈਂਦੀ। ਸਿਖਰਾਂ ਨੂੰ ਛੂੰਹਦੇ ਆਪ ਜੀ ਦੀ ਪਵਿੱਤਰ ਰਸਨਾ ਦੇ ਇਹ ਅਨੋਖੇ ਬਚਨ ਹਨ—

'ਹੱਥ ਕਾਰ ਵਲ ਦਿਲ ਯਾਰ ਵਲ।'

ਗੁਰੂ ਰਵਿਦਾਸ ਜੀ ਦਾ ਕੁੱਲ ਲੋਕਾਈ ਨੂੰ ਵਿਸ਼ੇਸ਼ ਕਰਕੇ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਉਨ੍ਹਾਂ ਦਾ ਇਹੋ ਸੰਦੇਸ਼ ਹੈ ਕਿ ਧਰਮ ਨਾਲ ਜੁੜੀ ਸੱਚੀ, ਸੁੱਚੀ ਤੇ ਉੱਚੀ ਕਿਰਤ ਕਰੋ। ਏਸੇ ਵਿਚ ਹੀ ਸਾਡਾ ਆਪਣਾ ਅਤੇ ਸਮੁੱਚੀ ਮਨੁੱਖਤਾ ਦਾ ਕਲਿਆਣ ਹੈ।

*(ਲੇਖਕ—ਰਾਮ ਧਨ ਨਾਂਗਲੂ, ਭੋਗਪੁਰ, ਜਲੰਧਰ)*

* * *

# ਔਰਤ ਵਰਗ ਦੇ ਮਸੀਹਾ—ਸੰਤ ਮੀਰਾਂ ਬਾਈ ਜੀ

*ਸ: ਮੱਘਰ ਸਿੰਘ ਐਸ. ਆਈ. (ਰਿਟਾ:) ਲੁਧਿਆਣਾ*

ਸੰਨ 1490 ਈ: ਦੇ ਕਰੀਬ ਮੇਵਾੜ ਅਤੇ ਮੇਤਾੜ ਭਾਰਤ ਵਿਚ ਰਾਜਸਥਾਨ ਦੀਆਂ ਦੋ ਆਜ਼ਾਦ ਰਿਆਸਤਾਂ ਸਨ। ਮੇਵਾੜ ਰਿਆਸਤ ਜਿਸ ਦੀ ਰਾਜਧਾਨੀ ਚਿਤੌੜ ਸੀ ਦਾ ਮੁਖੀ, ਸ਼ਕਤੀਸ਼ਾਲੀ ਰਾਣਾ ਸਾਂਗਾ ਸੀ ਅਤੇ ਮੇਤਾੜ ਰਿਆਸਤ ਦਾ ਮੁਖੀ ਰਾਉ ਦੂਦਾ ਸੀ। ਵਰਣਨਯੋਗ ਹੈ ਕਿ ਮੇਵਾੜ ਰਿਆਸਤ ਦੇ ਰਾਜੇ ਆਪਣੇ ਨਾਮ ਨਾਲ 'ਰਾਣਾ' ਲਿਖਦੇ ਸਨ ਤੇ ਮੇਤਾੜ ਦੇ ਰਾਜੇ ਆਪਣੇ ਨਾਮ ਨਾਲ 'ਰਾਉ' ਲਿਖਦੇ ਸਨ। ਇਨ੍ਹਾਂ ਦੋਹਾਂ ਰਿਆਸਤਾਂ ਦੇ ਆਪਸ ਵਿਚ ਗੂੜ੍ਹੇ ਸਬੰਧ ਸਨ।

ਮੇਤਾੜ ਦੇ ਮੁਖੀ ਰਾਉ ਦੂਦਾ ਦੇ ਛੋਟੇ ਪੁੱਤਰਾਂ ਵਿਚ ਇਕ ਰਾਉ ਰਤਨ ਸਿੰਘ ਸੀ ਜਿਸ ਨੂੰ ਰਾਉ ਦੂਦਾ ਨੇ ਆਪਣੀ ਰਿਆਸਤ ਵਿਚ 12 ਪਿੰਡ ਦਿੱਤੇ ਸਨ। ਉਸ ਦੀ ਰਿਹਾਇਸ਼ ਕੁੜਕੀ ਪਿੰਡ ਵਿਚ ਸੀ। ਰਾਉ ਰਤਨ ਸਿੰਘ ਦੇ ਘਰ ਕੁਸਮ ਕੁਮਾਰੀ ਦੇ ਪੇਟੋਂ 1498 ਈ: ਵਿਚ ਮੀਰਾਂਬਾਈ ਜੀ ਦਾ ਜਨਮ ਹੋਇਆ। ਮੀਰਾਂ ਬਾਈ ਜੀ ਨੂੰ ਆਪਣੀ ਮਾਂ ਦਾ ਦੁੱਧ ਕੇਵਲ

ਦੋ ਸਾਲ ਹੀ ਨਸੀਬ ਹੋਇਆ। ਤੋਤਲੀਆਂ ਗੱਲਾਂ ਕਰਦੀ ਮੀਰਾਂ ਬਾਈ ਨੂੰ ਮਾਂ ਕੁਸਮ ਕੁਮਾਰੀ ਹਮੇਸ਼ਾ ਲਈ ਛੱਡ ਕੇ ਮੌਤ ਦੀ ਝੋਲੀ ਵਿਚ ਚਲੀ ਗਈ। ਮੀਰਾਂ ਬਾਈ ਨੂੰ ਉਸ ਦਾ ਬਾਬਾ ਰਾਉ ਦੂਦਾ ਆਪਣੇ ਪਾਸ ਲੈ ਗਿਆ। ਰਾਉ ਦੂਦਾ ਕ੍ਰਿਸ਼ਨ ਭਗਤ ਸੀ, ਉਸ ਨੇ ਆਪਣੀ ਪੋਤਰੀ ਨੂੰ ਸਮਾਜੀ ਸਿੱਖਿਆ ਦੇ ਨਾਲ-ਨਾਲ 'ਧਾਰਮਿਕ ਸਿੱਖਿਆ', ਤੀਰ ਅੰਦਾਜ਼ੀ ਤੇ ਘੋੜ ਸਵਾਰੀ ਵਿਚ ਨਿਪੁੰਨ ਕਰ ਦਿੱਤਾ। ਮੀਰਾਂ ਬਾਈ ਜੀ ਦੀ ਖੂਬਸੂਰਤੀ ਭਾਵ ਰੂਪਵੰਤੀ, ਗੁਣਵੰਤੀ ਸੀਲਵੰਤੀ ਹੋਣ ਦੀ ਦੂਰ-ਦੂਰ ਤੱਕ ਚਰਚਾ ਹੋਣ ਲੱਗੀ।

1516 ਈ: ਵਿਚ ਮੀਰਾਂ ਬਾਈ ਦੀ ਸ਼ਾਦੀ ਮੇਵਾੜ ਰਿਆਸਤ ਦੇ ਮੁਖੀ ਰਾਣਾ ਸਾਂਗਾ ਦੇ ਪੁੱਤਰ ਭੋਜ ਰਾਜ ਨਾਲ ਹੋਈ। ਪ੍ਰੰਤੂ ਰੱਬ ਦਾ ਭਾਣਾ 1526 ਈ: ਵਿਚ ਰਾਜਾ ਭੋਜਰਾਜ ਦੀ ਲੜਾਈ ਵਿਚ ਮੌਤ ਹੋ ਗਈ। ਸਾਂਗਾ ਪਰਿਵਾਰ ਦੇ ਪੰਡਿਤਾਂ, ਪ੍ਰੋਹਿਤਾਂ ਨੇ ਮੀਰਾਂ ਬਾਈ ਨੂੰ ਸਤੀ ਕਰਵਾਉਣਾ ਚਾਹਿਆ ਪ੍ਰੰਤੂ ਮੀਰਾਂ ਬਾਈ ਦੀ ਅਦੁੱਤੀ ਸ਼ਖਸੀਅਤ ਨੂੰ ਮੁੱਖ ਰੱਖਦਿਆਂ ਰਾਣਾ ਸਾਂਗਾ ਨੇ ਉਸ ਨੂੰ ਸਤੀ ਨਹੀਂ ਹੋਣ ਦਿੱਤਾ। ਪ੍ਰੋਹਿਤਾਂ ਨੇ ਬੜਾਂ ਜ਼ੋਰ ਲਗਾਇਆ ਪਰ ਆਖਿਰ ਉਹਨਾਂ ਨੂੰ ਮੀਰਾਂ ਬਾਈ ਜੀ ਅੱਗੇ ਗੋਡੇ ਟੇਕਣੇ ਪਏ ਤੇ ਮੀਰਾਂ ਨੇ ਸਤੀ ਪ੍ਰਥਾ ਦੀ ਵਿਰੋਧਤਾ ਦਾ ਮੁੱਢ ਬੰਨ੍ਹਿਆ।

1527 ਈ: ਨੂੰ ਮੀਰਾਂ ਬਾਈ ਜੀ ਦੇ ਪਿਤਾ ਰਾਉ ਰਤਨ ਸਿੰਘ ਅਤੇ ਸਹੁਰਾ ਰਾਣਾ ਸਾਂਗਾ ਖਾਨਵਾਂ ਦੇ ਮੈਦਾਨ ਵਿਚ ਬਾਬਰ ਨਾਲ ਲੜਦੇ ਮਾਰੇ ਗਏ। ਫਿਰ ਕੀ ਸੀ ਮੀਰਾਂ ਬਾਈ ਜੀ ਤੇ ਉਸ ਦੇ ਸਹੁਰਾ ਪਰਿਵਾਰ ਅਤੇ ਪ੍ਰੋਹਿਤਾਂ ਦੀ ਵਿਰੋਧਤਾ ਦਾ ਕਹਿਰ ਟੁੱਟ ਪਿਆ। 1527 ਈ: ਨੂੰ ਹੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮੇਵਾੜ ਦੀ ਰਾਜਧਾਨੀ ਚਿਤੌੜ ਪਧਾਰੇ। ਗੁਰੂ ਜੀ ਦੇ ਆਉਣ ਦੀ ਚਰਚਾ ਸਾਰੇ ਰਾਜ ਵਿਚ ਹੋਣ ਲੱਗੀ। ਮੀਰਾਂ ਬਾਈ ਜੀ ਨੂੰ ਲੋਕਾਂ ਕੋਲੋਂ ਗੁਰੂ ਰਵਿਦਾਸ ਜੀ ਦੀ ਵਿਸ਼ਵ ਵਿਆਪੀ ਵਿਚਾਰਧਾਰਾ "ਬੇਗਮਪੁਰਾ ਸ਼ਹਰ ਕੋ ਨਾਉ", ਪ੍ਰਭੂ ਪ੍ਰਾਪਤੀ ਅਤੇ ਬਰਾਬਰਤਾ ਦੇ ਸਿਧਾਂਤ, 'ਮੂਰਤੀ ਪੂਜਾ, ਅਵਤਾਰ ਪੂਜਾ, ਵਹਿਮਾਂ ਭਰਮਾਂ ਦਾ ਖੰਡਨ ਤੇ ਕੇਵਲ ਇਕ ਪ੍ਰਭੂ ਦੀ ਹੋਂਦ ਦੀ ਪਰਪੱਕਤਾ ਜਿਹੇ ਸਿਧਾਂਤ ਸੁਣਨ ਨੂੰ ਮਿਲੇ। ਮੀਰਾਂ ਬਾਈ ਜੀ ਨੂੰ ਮਹਿਸੂਸ ਹੋਇਆ ਕਿ ਉਹ ਹੁਣ ਤੱਕ ਹਨੇਰੇ ਵਿਚ ਹੀ ਫਿਰਦੀ ਰਹੀ। ਉਸ ਨੇ ਆਪਣੇ ਜੀਵਨ ਦਾ ਬਹੁਤ ਵੱਡਾ ਹਿੱਸਾ ਬਰਬਾਦ ਕਰ ਲਿਆ ਪਰ ਹੁਣ ਉਸਨੂੰ ਆਸ ਦੀ ਕਿਰਨ ਦਿਖਾਈ ਦੇਣ ਲੱਗੀ। ਮੀਰਾਂ ਬਾਈ ਗੁਰੂ ਰਵਿਦਾਸ ਜੀ ਦੇ ਸਤਿਸੰਗ ਵਿਚ ਜਾਣ ਲਈ ਉਤਾਵਲੀ ਹੋ ਉੱਠੀ। ਪ੍ਰੰਤੂ ਸ੍ਰੀ ਗੁਰੂ ਰਵਿਦਾਸ ਜੀ ਤਾਂ ਅਖੌਤੀ ਸ਼ੂਦਰ ਜਾਤ ਵਿਚੋਂ ਸਨ ਪਰ ਮੀਰਾਂ ਬਾਈ ਰਾਜ ਘਰਾਣੇ ਦੀ ਨੂੰਹ ਸੀ, ਉਪਰੋਂ ਮਨੂੰਵਾਦੀ ਪ੍ਰੋਹਿਤਾਂ ਦਾ ਰਾਜ। ਮੀਰਾਂ ਬਾਈ ਦਾਸੀ ਬਣ ਕੇ ਗੁਰੂ ਰਵਿਦਾਸ ਜੀ ਦੇ ਸਤਿਸੰਗ ਵਿਚ ਗਈ ਅਤੇ ਸਤਿਗੁਰੂ ਜੀ ਦੀ ਅੰਮ੍ਰਿਤਮਈ ਬਾਣੀ ਸ੍ਰਵਣ ਕਰਕੇ ਉਸ ਦਾ ਮਨ ਖਿੜ ਗਿਆ। ਸਤਿਸੰਗ ਵਿਚੋਂ ਉਸਨੂੰ ਇਕ ਖਾਸ ਕਿਸਮ ਦਾ ਅਨੰਦ ਮਹਿਸੂਸ ਹੋਇਆ। ਉਹ ਗੁਰੂ ਰਵਿਦਾਸ ਜੀ ਦੇ ਚਰਨਾਂ 'ਤੇ ਢਹਿ ਪਈ ਤੇ ਨਾਮ ਦਾਨ ਪ੍ਰਾਪਤੀ ਲਈ ਗਿੜਗਿੜਾਈ। ਗੁਰੂ ਸਾਹਿਬ ਸਭ ਜਾਣੀਜਾਣ ਸਨ। ਉਹ ਮੀਰਾਂ ਬਾਈ ਦੇ ਹਿਰਦੇ 'ਤੇ ਲੱਗੀ ਅੰਮ੍ਰਿਤ ਬਾਣੀ ਦੀ ਚੋਟ ਨੂੰ ਸਮਝਦੇ ਸਨ। ਉਨ੍ਹਾਂ ਨੇ ਮੀਰਾਂ ਬਾਈ ਜੀ ਨੂੰ 'ਸਤਿਨਾਮ' ਦੇ ਨਾਮ ਦੀ ਦਾਤ ਬਖਸ਼ਿਸ਼ ਕਰ ਦਿੱਤੀ। ਫਿਰ ਮੀਰਾਂ ਬਾਈ ਜੀ ਨੇ ਫਰਮਾਇਆ—

ਗੁਰੂ ਰੈਦਾਸ ਮਿਲੇਂ ਮੋਹਿ ਪੂਰੇ ਧੁਰ ਸੇ ਕਲਮ ਭਿੜੀ॥
ਸਤਗੁਰੂ ਸੈਨ ਦਈ ਜਬ ਆ ਕੇ ਜੋਤ ਮੇਂ ਜੋਤ ਰਲੀ॥

*(ਮੀਰਾਂ ਕੀ ਸ਼ਬਦਾਵਲੀ, ਪੰਨਾ ੧੩, ਪਦਾ ੧੪)*

ਸੰਤ ਮੀਰਾਂ ਬਾਈ ਜੀ ਦੇ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਦੇ ਚਰਚੇ ਸਾਰੀ ਰਿਆਸਤ
ਵਿਚ ਹੋਣ ਲੱਗੇ। ਮੀਰਾਂ ਬਾਈ ਜੀ ਦੇ ਘਰਦਿਆਂ ਅਤੇ ਪਰੋਹਿਤਾਂ ਨੇ ਬੜਾ ਜ਼ੋਰ ਲਗਾਇਆ
ਕਿ ਮੀਰਾਂ ਗੁਰੂ ਰਵਿਦਾਸ ਜੀ ਦੀ ਬਾਣੀ ਪੜ੍ਹਨੋਂ ਹਟ ਜਾਏ। ਗੁਰੂ ਜੀ ਦੇ ਦਰਸਾਏ ਮਾਰਗ
ਨੂੰ ਤਿਆਗ ਦੇਵੇ ਪ੍ਰੰਤੂ ਮੀਰਾਂ ਬਾਈ ਜੀ ਆਪਣੇ ਸੰਕਲਪ 'ਤੇ ਦ੍ਰਿੜ ਰਹੇ। ਮੀਰਾਂ ਬਾਈ ਜੀ
ਨੂੰ ਜ਼ਹਿਰ ਦਾ ਪਿਆਲਾ ਦਿੱਤਾ ਗਿਆ, ਪਰ ਉਹ ਅੰਮ੍ਰਿਤ ਬਣ ਗਿਆ। ਗਹਿਣਿਆਂ ਵਾਲੇ
ਡੱਬੇ ਵਿਚ ਇਕ ਜ਼ਹਿਰੀਲਾ ਸੱਪ ਬੰਦ ਕਰਕੇ ਭੇਜਿਆ ਗਿਆ, ਸਿਮਰਨ ਵਿਚ ਮਗਨ ਮੀਰਾਂ
ਬਾਈ ਨੇ ਉਹ ਸੱਪ ਗਲ ਵਿਚ ਪਾ ਲਿਆ ਅਤੇ ਉਸ ਸੱਪ ਨੇ ਵੀ ਅਣਮੁੱਲੇ ਹਾਰ ਦੀ ਤਰ੍ਹਾਂ
ਆਪਣੇ ਫਰਜ਼ ਦੀ ਅਦਾਇਗੀ ਕੀਤੀ। ਸਤਿਨਾਮ ਦੇ ਰੰਗ ਵਿਚ ਰੰਗੀ ਮੀਰਾਂ ਬਾਈ ਜੀ
ਨੇ ਗੁਰੂ ਰਵਿਦਾਸ ਜੀ ਦੀ ਉਸਤਤੀ ਵਿਚ ਅਨੇਕਾਂ ਪਦੇ ਲਿਖੇ ਜਿਨ੍ਹਾਂ ਦੇ ਕੁਝ ਅੰਸ਼ ਹਨ—

**ਗੁਰੂ ਮਿਲਿਆ ਰੈਦਾਸ ਜੀ ਮਾਨੇ, ਦੀਨ੍ਹੀ ਗਿਆਨ ਕੀ ਗੁਟਕੀ॥**

*(ਮੀਰਾਂ ਸੁਧਾ ਸਿੰਧੁ ਪੰਨਾ ੩੨੯)*

**ਮੀਰਾਂ ਨੇ ਗੋਬਿੰਦ ਮਿਲਿਯਾ ਜੀ, ਗੁਰੂ ਮਿਲਿਆ ਰੈਦਾਸ॥**

*(ਮੀਰਾਂ ਬ੍ਰਿਹਤ ਪਦਾਵਲੀ ਭਾਗ-੧, ਪੰਨਾ ੨੦੧)*

ਮੀਰਾਂ ਬਾਈ ਦਾ ਛੋਟਾ ਦਿਉਰ ਰਾਣਾ ਬਿਕਰਮਾ ਦਿੱਤ ਅਤੇ ਪੰਡਿਤਾਂ ਪ੍ਰੋਹਿਤਾਂ ਦੀਆਂ
ਸਾਜ਼ਿਸ਼ਾਂ ਦਾ ਦੌਰ ਜਾਰੀ ਰਿਹਾ। ਇਸ ਤਰ੍ਹਾਂ ਦੀ ਹਾਲਤ ਨੂੰ ਮੁਖ ਰੱਖਦਿਆਂ ਸੰਤ ਮੀਰਾਂ ਬਾਈ
ਜੀ 1535 ਈ: ਵਿਚ ਗੁਜਰਾਤ ਦੇ ਸੁਲਤਾਨ ਬਹਾਦਰ ਸ਼ਾਹ ਨੇ ਜਦੋਂ ਚਿਤੌੜ 'ਤੇ ਹਮਲਾ
ਕੀਤਾ ਸੀ, ਇਸ ਹਮਲੇ ਤੋਂ ਪਹਿਲਾਂ ਹੀ ਚਿਤੌੜ ਤੋਂ ਗੁਰੂ ਰਵਿਦਾਸ ਜੀ ਦੀ ਸ਼ਰਨ ਵਿਚ
ਜਾ ਚੁੱਕੀ ਸੀ। ਉਨ੍ਹਾਂ ਦੀ ਸੰਗਤ ਵਿਚ ਹੀ ਸੰਤ ਮੀਰਾਂ ਬਾਈ ਜੀ ਰਾਜਸਥਾਨ, ਗੁਜਰਾਤ
ਆਦਿ ਦੇਸ਼ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਭ੍ਰਮਣ ਕਰਕੇ ਨਾਮ ਦਾਨ ਦੀ ਛਹਿਬਰ
ਲਾਉਂਦੇ ਰਹੇ।

* * *

# ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ

ਅਕਸਰ ਗੁਰੂ ਰਵਿਦਾਸ ਗੁਰੂ ਘਰਾਂ, ਮੰਦਰਾਂ ਵਿਚ ਨਿਸ਼ਾਨ ਸਾਹਿਬ ਦਾ ਚੋਲਾ (ਕੱਪੜਾ)
ਅਲੱਗ-ਅਲੱਗ ਰੰਗਾਂ ਦਾ ਪਹਿਨਾਇਆ ਜਾਂਦਾ ਹੈ। ਕਿਸੇ ਗੁਰੂ ਘਰ ਵਿਚ ਭਗਵਾਂ, ਕੇਸਰੀ,
ਲਾਲ, ਮਜੀਠੀ ਜਾਂ ਹੋਰ ਰੰਗ, ਜੋ ਕਿ ਠੀਕ ਨਹੀਂ। ਉਪਰੋਕਤ ਸਾਰੇ ਗੁਰੂ ਘਰਾਂ ਵਿਚ ਇਕ
ਰੰਗ ਦਾ ਚੋਲਾ ਹੋਣਾ ਅਤੀ ਜ਼ਰੂਰੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਿਸ ਰੰਗ ਦਾ ਚੋਲਾ
ਪਹਿਨਾਉਣਾ ਚਾਹੀਦਾ ਹੈ? ਸਾਡੀ ਸਭਾ ਨੇ ਇਸ ਦੀ ਖੋਜ ਕੀਤੀ ਅਤੇ ਅਸੀਂ ਇਸ ਸਿੱਟੇ 'ਤੇ
ਪਹੁੰਚੇ ਹਾਂ ਕਿ ਗੁਰੂ ਰਵਿਦਾਸ ਗੁਰੂ ਘਰਾਂ ਜਾਂ ਦਲਿਤ ਕੌਮ ਨਾਲ ਸਬੰਧਿਤ ਗੁਰਮਤਿ ਵਿਚਾਰਧਾਰਾ
ਵਾਲੇ ਅਸਥਾਨਾਂ 'ਤੇ ਮਜੀਠ ਰੰਗ ਦਾ ਨਿਸ਼ਾਨ ਸਾਹਿਬ ਦਾ ਚੋਲਾ ਪਹਿਨਾਉਣਾ ਚਾਹੀਦਾ ਹੈ।
ਕਾਰਨ—ਇਹ ਕਿ ਗੁਰੂ ਰਵਿਦਾਸ ਜੀ ਅਨੁਸਾਰ ਮਜੀਠ ਰੰਗ ਪ੍ਰਭੂ ਦਾ ਰੰਗ ਹੈ। ਪੱਕਾ ਰੰਗ ਭਾਵ
ਸਦੀਵੀ ਰੰਗ ਹੈ। ਇਸ ਕਰਕੇ ਗੁਰੂ ਰਵਿਦਾਸ ਪ੍ਰਭੂ ਦੇ ਰੰਗ ਦੀ ਉਪਮਾ ਮਜੀਠ ਰੰਗ ਨਾਲ ਕਰਦੇ
ਹੋਏ ਫ਼ੁਰਮਾਨ ਕਰਦੇ ਹਨ—

**ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ ਸੰਸਾਰੁ॥**
**ਮੇਰੇ ਰਮਈਏ ਰੰਗੁ ਮਜੀਠ ਕਾ, ਕਹੁ ਰਵਿਦਾਸ ਚਮਾਰ॥**

*(ਗੁਰੂ ਗ੍ਰੰਥ ਸਾਹਿਬ, ਪੰਨਾ ੩੪੫)*

ਮਜੀਠ ਦੇ ਰੰਗ ਦੀ ਪ੍ਰਮਾਣਿਕਤਾ ਇਹ ਵੀ ਹੈ ਕਿ ਸੰਸਾਰ ਦੇ ਬਹੁਤ ਸਾਰੇ ਗੁਰੂ ਘਰਾਂ, ਮੰਦਰਾਂ ਵਿਚ ਮਜੀਠ ਦੇ ਰੰਗ ਦਾ ਹੀ ਨਿਸ਼ਾਨ ਸਾਹਿਬ ਚੜ੍ਹਾਇਆ ਜਾਂਦਾ ਹੈ। ਦਲਿਤਾਂ ਦੀ ਬਹੁਤ ਪੁਰਾਣੀ ਸੰਸਥਾ 'ਆਦਿ ਧਰਮ ਮੰਡਲ' ਨੇ 29 ਅਕਤੂਬਰ 1930 ਈ: ਨੂੰ ਮਜੀਠ ਦਾ ਰੰਗ ਹੀ ਸਰਕਾਰ ਪਾਸੋਂ ਰਜਿਸਟਰਡ ਕਰਵਾਇਆ ਸੀ। ਇਸ ਤਰ੍ਹਾਂ ਦੇਸ਼ ਵਿਦੇਸ਼ ਦੀਆਂ ਕਈ ਹੋਰ ਸੰਸਥਾਵਾਂ ਮਜੀਠ ਦੇ ਰੰਗ ਨੂੰ ਹੀ ਪ੍ਰਮਾਣਿਤ ਕਰਦੀਆਂ ਹਨ।

ਸੋ ਅੰਤ ਉਹ ਕਿਹੜਾ ਰੰਗ ਹੈ ਜੋ ਦਲਿਤ ਕੌਮ ਦੇ ਰੰਗ ਵਜੋਂ ਮੰਨਿਆ ਜਾਵੇ। ਨਤੀਜਾ ਇਹੀ ਨਿਕਲਦਾ ਹੈ ਕਿ ਮਜੀਠ ਦਾ ਰੰਗ ਹੀ ਦਲਿਤ ਕੌਮ ਦਾ ਰੰਗ ਹੋ ਸਕਦਾ ਹੈ। ਸੋ ਸਾਡੀ ਦਲਿਤ ਕੌਮ ਨੂੰ ਅਪੀਲ ਹੈ ਕਿ ਉਹ ਆਪਣੇ ਗੁਰੂ ਘਰਾਂ ਵਿਚ ਮਜੀਠ ਰੰਗ ਦਾ ਹੀ ਨਿਸ਼ਾਨ ਸਾਹਿਬ ਚੜ੍ਹਾਉਣ। ਗੁਰੂ ਰਵਿਦਾਸ ਮਿਸ਼ਨ ਦੇ ਬੈਨਰ ਮਜੀਠ ਰੰਗ ਦੇ ਹੋਣ। ਸਿਰ ਢੱਕਣ ਲਈ ਮਜੀਠ ਰੰਗ ਦੇ ਦੁਪੱਟੇ, ਪੱਗਾਂ, ਬੈਨਰ ਜਾਂ ਪਰਨੇ ਲਏ ਜਾਣ ਅਤੇ ਮਜੀਠ ਰੰਗ ਦਾ ਪੂਰਾ ਸਤਿਕਾਰ ਕੀਤਾ ਜਾਵੇ।

ਨੋਟ—ਮਜੀਠ ਰੰਗ ਲਾਲ, ਕਾਲਾ ਤੇ ਲਾਖਾ ਜਿਹਾ ਹੁੰਦਾ ਹੈ। ਹੋਰ ਜਾਣਕਾਰੀ ਲਈ ਸਾਡੀ ਸਭਾ ਵਲੋਂ ਪ੍ਰਕਾਸ਼ਿਤ ਟ੍ਰੈਕਟ ਨੰ. 7 ਪੜ੍ਹੋ ਜਾਂ ਚਿੱਠੀ-ਪੱਤਰ ਰਾਹੀਂ ਸੰਪਰਕ ਕਰੋ ਜੀ।

# ਧਿਆਨ ਦੇਣ ਯੋਗ ਗੱਲਾਂ

*ਮਹਿੰਦਰ ਸੰਧੂ 'ਮਹੇੜੂ'*

ਗੁਰੂ ਰਵਿਦਾਸ ਜੀ ਦੇ ਜੀਵਨ ਇਤਿਹਾਸ ਸਬੰਧੀ ਲੇਖਕਾਂ ਦੀ ਅਲੱਗ-ਅਲੱਗ ਰਾਏ ਹੈ। ਇਸ ਦੇ ਕਈ ਮੁੱਖ ਕਾਰਨ ਹਨ ਜਿਵੇਂ—ਕੁਝ ਮਨੂੰਵਾਦੀ ਲੇਖਕ ਆਪਣੀ ਰਚਨਾ ਦੁਆਰਾ ਗੁਰੂ ਰਵਿਦਾਸ ਜੀ ਦੀ ਪਾਵਨ ਵਿਚਾਰਧਾਰਾ ਜਾਂ ਇਤਿਹਾਸ ਨੂੰ ਧੁੰਦਲਾ ਕਰਨਾ ਚਾਹੁੰਦੇ ਹਨ। ਕੁਝ ਲੇਖਕ ਗੁਰੂ ਸਾਹਿਬ ਨੂੰ ਆਪਣੀ ਜਾਤੀ/ਧਰਮ ਦੇ ਗੁਰੂਆਂ, ਮਹਾਂਪੁਰਸ਼ਾਂ ਤੋਂ ਹੇਠਲੀ ਪਦਵੀ 'ਤੇ ਰੱਖਣ ਲਈ ਗੁਰੂ ਰਵਿਦਾਸ ਜੀ ਦੇ ਇਤਿਹਾਸ ਨਾਲ ਖਿਲਵਾੜ ਕਰ ਜਾਂਦੇ ਹਨ ਤੇ ਕੁਝ ਲੇਖਕ ਪੁਰਾਣੀਆਂ ਅਰਥਹੀਣ, ਮਨਘੜ੍ਹਤ ਰਚਨਾਵਾਂ ਤੇ ਲੋਕ ਕਥਾਵਾਂ ਤੋਂ ਲਕੀਰ ਦੇ ਫਕੀਰ ਬਣਕੇ ਆਪਣੀ ਗਲਤ ਰਾਏ ਦੇ ਜਾਂਦੇ ਹਨ। ਅੱਜ ਲੋੜ ਹੈ ਕਿ ਸਾਰੀ ਕੌਮ ਇਕ ਸਰਬ ਸਾਂਝੇ ਪਲੇਟ ਫਾਰਮ 'ਤੇ ਇਕੱਠੀ ਹੋਵੇ ਅਤੇ ਹੇਠ ਲਿਖੀਆਂ ਜ਼ਰੂਰੀ ਗੱਲਾਂ ਵੱਲ ਧਿਆਨ ਦੇਵੇ—

**1. ਜਨਮ ਤਿਥੀ**—ਦਸ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਜਦ ਕੋਈ ਵੀ ਲੇਖਕ ਲਿਖਤ ਲਿਖਦਾ ਹੈ ਤਾਂ ਉਹ ਗੁਰੂ ਸਾਹਿਬਾਂ ਦੀ ਜਨਮ ਤਿਥੀ, ਜਨਮ-ਅਸਥਾਨ ਤੇ ਮਾਤਾ-ਪਿਤਾ ਸਬੰਧੀ ਉਹੀ ਲਿਖੇਗਾ ਜੋ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਦਿੱਤਾ ਗਿਆ ਹੈ। ਦੁੱਖ ਦੀ ਗੱਲ ਕਿ ਗੁਰੂ ਰਵਿਦਾਸ ਜੀ ਦੇ ਜੀਵਨ-ਇਤਿਹਾਸ ਸਬੰਧੀ ਹਰੇਕ ਲੇਖਕ ਦੇ ਵੱਖ-ਵੱਖ ਵਿਚਾਰ ਹਨ।

ਸੰਸਾਰ ਭਰ ਵਿਚ ਇਕੋ ਇਕ ਧਾਰਮਿਕ ਅਸਥਾਨ ਡੇਰਾ ਸੱਚਖੰਡ ਬਲਾਂ (ਜਲੰਧਰ) ਹੈ ਜੋ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਦੇਸ਼ਾਂ, ਪ੍ਰਦੇਸਾਂ 'ਚ ਪ੍ਰਚਾਰ ਕੇ ਬਹੁਤ ਵੱਡੀ ਪ੍ਰਾਪਤੀ ਕਰ ਚੁੱਕਾ ਹੈ। ਡੇਰਾ ਸੱਚ ਖੰਡ ਬਲਾਂ ਦੇ ਗੱਦੀ-ਨਸ਼ੀਨਾਂ ਵਲੋਂ ਗੁਰੂ ਜੀ ਦਾ ਜਨਮ 1433 ਬਿਕ੍ਰਮੀ ਸੰਮਤ ਸੰਨ 1377 ਈ: ਮੰਨਣ ਦਾ ਫੈਸਲਾ ਕੀਤਾ ਗਿਆ ਹੈ। ਪ੍ਰਸਿੱਧ ਲੇਖਕ ਪ੍ਰੋ: ਲਾਲ ਸਿੰਘ, ਸ੍ਰੀ ਲੇਖ ਰਾਜ ਪ੍ਰਵਾਨਾ, ਜਸਬੀਰ ਸਿੰਘ ਸਾਬਰ, ਡਾ: ਕਰਮ ਸਿੰਘ, ਡਾ: ਕ੍ਰਿਸ਼ਨਾ ਕਲਸੀਆ, ਅਚਾਰੀਆ ਪ੍ਰਿਥਵੀ ਚੰਦ, ਡਾ: ਕੁਲਵੰਤ ਕੌਰ ਅਤੇ ਰਛਪਾਲ ਸਿੰਘ ਬੱਧਣ ਆਦਿ ਲੇਖਕ ਇਹੀ

1433 ਬਿਕ੍ਰਮੀ ਸੰਨ 1377 ਈ: ਮੰਨਦੇ ਹਨ।

2. **ਜਨਮ ਅਸਥਾਨ**—ਗੁਰੂ ਰਵਿਦਾਸ ਜੀ ਦਾ ਜਨਮ ਬਨਾਰਸ ਜਿਸ ਨੂੰ ਅੱਜ ਕੱਲ੍ਹ ਵਾਰਾਨਸੀ ਦਾ ਨਾਮ ਦਿੱਤਾ ਗਿਆ ਹੋਇਆ ਹੈ ਪ੍ਰੰਤੂ ਬਨਾਰਸ ਵਿਚ ਕਿਸ ਥਾਂ 'ਤੇ ਹੋਇਆ ?ਇਹ ਗੱਲ ਕਾਫੀ ਸਮਾਂ ਪ੍ਰਸ਼ਨ ਚਿੰਨ੍ਹ ਬਣੀ ਰਹੀ। ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਸਰਵਣ ਦਾਸ ਜੀ ਮਹਾਰਾਜ ਦੀ ਕ੍ਰਿਪਾ ਹੋਈ ਜਿਨ੍ਹਾਂ ਨੇ ਇਸ ਪਾਵਨ ਅਸਥਾਨ ਦੀ ਖੋਜ ਕਰਵਾਈ। ਉਨ੍ਹਾਂ ਦੀ ਖੋਜ ਅਨੁਸਾਰ ਬਨਾਰਸ ਵਿਚ ਸੀਰ ਗੋਵਰਧਨ ਪੁਰ ਵਿਖੇ ਗੁਰੂ ਸਾਹਿਬ ਦਾ ਜਨਮ ਹੋਇਆ। ਆਦਿ ਧਰਮ ਫਾਊਂਡੇਸ਼ਨ ਦੇ ਪ੍ਰਧਾਨ ਬਾਬੂ ਮੰਗੂ ਰਾਮ ਜੀ ਵੀ ਸੰਤ ਸਰਵਣ ਦਾਸ ਜੀ ਨੂੰ ਬੇਨਤੀਆਂ ਕਰਦੇ ਰਹਿੰਦੇ ਸਨ ਕਿ ਮਹਾਰਾਜ ਗੁਰੂ ਘਰ ਦੀ ਉਸਾਰੀ ਜਲਦੀ ਕਰਵਾਓ। ਸੰਤਾਂ ਦੇ ਉੱਦਮ ਸਦਕਾ ਉੱਥੇ ਬਹੁਤ ਵਧੀਆ ਤੇ ਵਿਸ਼ਾਲ ਮੰਦਿਰ ਦੀ ਉਸਾਰੀ ਕੀਤੀ ਗਈ ਹੈ। ਇਥੇ ਇਕ ਇਮਲੀ ਦਾ ਰੁੱਖ ਵੀ ਮੌਜੂਦ ਹੈ ਜਿੱਥੇ ਦਸਾਂ ਨੌਹਾਂ ਦੀ ਕਿਰਤ ਗੁਰੂ ਜੀ ਜੋੜੇ ਗੰਢ ਕੇ ਕਰਿਆ ਕਰਦੇ ਸਨ। ਸਮੁੱਚੀ ਕੌਮ ਨੇ ਇਸ ਪਾਵਨ ਮੰਦਰ ਨੂੰ ਬੇਗਮਪੁਰਾ ਸਾਹਿਬ ਦਾ ਨਾਮ ਦਿੱਤਾ ਹੈ। ਸਾਨੂੰ ਸਾਰਿਆਂ ਨੂੰ ਹੁਣ ਇਸ ਪਾਵਨ ਅਸਥਾਨ ਨੂੰ ਬੇਗਮਪੁਰਾ ਸਾਹਿਬ ਨਾਲ ਸੰਬੋਧਨ ਕਰਨਾ ਚਾਹੀਦਾ ਹੈ ਅਤੇ ਸੀਰ ਗੋਵਰਧਨ ਪੁਰ ਹੀ ਗੁਰੂ ਸਾਹਿਬ ਦਾ ਜਨਮ ਅਸਥਾਨ ਮੰਨਣਯੋਗ ਹੈ।

3. **ਗੁਰੂ ਜੀ ਦੇ ਮਾਤਾ-ਪਿਤਾ**—ਗੁਰੂ ਸਾਹਿਬ ਦੇ ਮਾਤਾ-ਪਿਤਾ ਦੇ ਨਾਂਅ ਬਾਰੇ ਵੀ ਬਹੁਤ ਸਾਰੇ ਲੇਖਕਾਂ ਵਿਚ ਮੱਤਭੇਦ ਹਨ ਪਰ ਲੋਕ-ਕਥਾਵਾਂ, ਸੰਤ ਸਮਾਜ ਅਤੇ ਡੇਰਾ ਸੱਚ ਖੰਡ ਬੱਲਾਂ ਵਲੋਂ ਗੁਰੂ ਸਾਹਿਬ ਦੇ ਪਿਤਾ ਦਾ ਨਾਂਅ ਸਤਿਕਾਰਯੋਗ ਸੰਤੋਖ ਦਾਸ ਤੇ ਮਾਤਾ ਦਾ ਨਾਂ ਆਦਰਯੋਗ ਕਲਸਾਂ ਦੇਵੀ ਜੀ ਮੰਨਣ ਦਾ ਹੁਕਮ ਹੈ।

4. **ਗੁਰੂ ਰਵਿਦਾਸ ਜੀ ਦੇ ਗੁਰੂ**—ਮਨੂੰਵਾਦੀ ਅਤੇ ਪੁਰਾਤਨ ਲੇਖਕਾਂ ਅਨੁਸਾਰ ਗੁਰੂ ਸਾਹਿਬ ਦੇ ਗੁਰੂ ਸਵਾਮੀ ਰਾਮਾਨੰਦ ਜੀ ਸਨ ਪ੍ਰੰਤੂ ਹੁਣ ਪ੍ਰੋ: ਲਾਲ ਸਿੰਘ ਅਤੇ ਹੋਰ ਲੇਖਕਾਂ ਦੀ ਨਵੀਨ ਖੋਜ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਗੁਰੂ ਸਾਹਿਬ ਦੇ ਗੁਰੂ ਪਾਰਬ੍ਰਹਮ ਸਨ, ਨਾ ਕਿ ਸਵਾਮੀ ਰਾਮਾਨੰਦ ਜੀ। ਹੋਰ ਲੇਖਕਾਂ ਨੂੰ ਵੀ ਹੁਣ ਚਾਹੀਦਾ ਹੈ ਕਿ ਆਪਣੀਆਂ ਅਗਲੀਆਂ ਰਚਨਾਵਾਂ ਵਿਚ ਗੁਰੂ ਸਾਹਿਬ ਦੇ ਗੁਰੂ ਪਾਰਬ੍ਰਹਮ ਹੀ ਲਿਖਣ।

5. **ਗੁਰੂ ਜੀ ਦੀ ਬਾਣੀ**—ਗੁਰੂ ਰਵਿਦਾਸ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ। ਗੁਰੂ ਸਾਹਿਬ ਨੇ ਮਨੁੱਖਤਾ ਦੇ ਕਲਿਆਣ ਲਈ ਬਹੁਤ ਸਾਰੀਆਂ ਪੈਦਲ ਯਾਤਰਾਵਾਂ ਵੀ ਕੀਤੀਆਂ। ਇਨ੍ਹਾਂ ਵਿਚ ਗੁਰੂ ਜੀ ਨੇ ਬਨਾਰਸ ਦੇ ਕਈ ਸ਼ਹਿਰਾਂ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ, ਉੜੀਸਾ, ਹੈਦਰਾਬਾਦ, ਕਰਨਾਟਕ, ਬਿਹਾਰ, ਪਾਕਿਸਤਾਨ, ਅਫਗਾਨਿਸਤਾਨ, ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਕਈ ਸ਼ਹਿਰਾਂ ਦੀ ਪੈਦਲ ਯਾਤਰਾ ਕੀਤੀ। ਪੰਜਾਬ ਵਿਚ ਗੁਰੂ ਸਾਹਿਬ ਨੇ ਖੁਰਾਲਗੜ੍ਹ, ਲੁਧਿਆਣਾ, ਫਗਵਾੜਾ, ਸੁਲਤਾਨਪੁਰ ਲੋਧੀ (ਗੁਰਦੁਆਰਾ ਗੁਰੂ ਕਾ ਬਾਗ), ਅੰਮ੍ਰਿਤਸਰ (ਕੋਠਾ ਸਾਹਿਬ) ਦੀ ਯਾਤਰਾ ਕੀਤੀ। ਇਨ੍ਹਾਂ ਯਾਤਰਾਵਾਂ ਦੇ ਦੌਰਾਨ ਗੁਰੂ ਸਾਹਿਬ ਆਪਣੀ ਬਾਣੀ ਸੁਣਾਇਆ ਕਰਦੇ ਤੇ ਵਿਚਾਰ ਗੋਸ਼ਟੀਆਂ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਜੀ ਦੇ ਚਾਲੀ ਸ਼ਬਦ ਤੇ ਇਕ ਸਲੋਕ ਸੁਭਾਇਮਾਨ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਹੋਰ ਵੀ ਬਹੁਤ ਸਾਰੀ ਬਾਣੀ ਹੈ ਪਰ ਉਸ ਸਬੰਧੀ ਵਿਦਵਾਨਾਂ ਵਿਚ ਅਜੇ ਮੱਤਭੇਦ ਹਨ। ਕੌਮ ਨੂੰ ਚਾਹੀਦਾ ਹੈ ਕਿ ਇਕ ਸਾਂਝੇ ਪਲੇਟਫਾਰਮ 'ਤੇ ਇਕੱਠੇ ਹੋ ਕੇ ਗੁਰੂ ਸਾਹਿਬ ਦੀ ਗੁਰੂ ਗਰੰਥ ਸਾਹਿਬ ਵਿਚਲੀ ਬਾਣੀ ਤੋਂ ਅਗਵਾਈ ਲੈਂਦਿਆਂ ਬਾਹਰਲੀ ਬਾਣੀ ਦਾ ਵਿਸ਼ਲੇਸ਼ਣ ਕਰਕੇ ਜੋ ਬਾਣੀ ਗੁਰੂ ਸਾਹਿਬ ਦੀ ਉਚਾਰੀ ਹੋਵੇ ਉਸਨੂੰ ਅਪਣਾ ਕੇ ਸਾਰੀ ਕੌਮ ਨੂੰ ਮੰਨਣ ਲਈ ਆਖਣਾ ਚਾਹੀਦਾ ਹੈ। ਸੋ ਕੌਮ ਦੇ ਦਰਦੀਆਂ ਨੂੰ ਚਾਹੀਦਾ ਹੈ ਕਿ ਉਹ ਅੱਗੇ ਆ ਕੇ ਇਸ ਸ਼ੁੱਭ ਕੰਮ ਦੀ ਸ਼ੁਰੂਆਤ ਕਰਨ।

* * *

# ਕੀ ਜੋਤਿਸ਼ ਇਕ ਵਿਗਿਆਨ ਹੈ ?

ਅੱਜਕੱਲ੍ਹ ਜੋਤਿਸ਼ ਦਾ ਚਰਚਾ ਜ਼ੋਰਾਂ 'ਤੇ ਹੈ। ਮੌਜੂਦਾ ਬ੍ਰਾਹਮਣਵਾਦੀ ਸਰਕਾਰ ਇਸ ਨੂੰ ਪੜ੍ਹਾਈ ਦੇ ਤੌਰ 'ਤੇ ਯੂਨੀਵਰਸਿਟੀਆਂ ਵਿਚ ਲਾਗੂ ਕਰ ਰਹੀ ਹੈ, ਜੋ ਕਿ ਸਾਡੇ ਦੇਸ਼ ਲਈ ਖ਼ਤਰੇ ਦੀ ਘੰਟੀ ਹੈ। ਸਾਡਾ ਦੇਸ਼ ਤਾਂ ਪਹਿਲਾਂ ਹੀ ਅੰਧ ਵਿਸ਼ਵਾਸਾਂ ਦਾ ਸ਼ਿਕਾਰ ਹੈ। ਇਸ ਨਾਲ ਅਸੀਂ ਹੋਰ ਅੰਧ ਵਿਸ਼ਵਾਸੀ ਹੋ ਜਾਵਾਂਗੇ। ਜੋਤਿਸ਼ ਵਿਚ ਭਵਿੱਖਬਾਣੀ ਕੀਤੀ ਜਾਂਦੀ ਹੈ। ਜੋਤਸ਼ੀ ਲੋਕਾਂ ਨੂੰ ਦੱਸਦੇ ਹਨ ਕਿ ਫਲਾਣੇ ਮਹੀਨੇ ਤੇਰੇ 'ਤੇ ਸ਼ਨੀ ਗ੍ਰਹਿ ਭਾਰੂ ਹੈ। ਤੈਨੂੰ ਕੋਈ ਵੱਡਾ ਦੁੱਖ ਲੱਗਣ ਵਾਲਾ ਹੈ। ਜਦੋਂ ਉਹ ਵਿਚਾਰਾ ਜੋਤਸ਼ੀ ਪਾਸ ਇਸ ਦੇ ਉਪਾਅ ਲਈ ਲੇਲੜੀਆਂ ਕੱਢਦਾ ਹੈ ਤਾਂ ਜੋਤਸ਼ੀ ਉਸ ਤੋਂ ਮੋਟੀ ਰਕਮ ਬਟੋਰ ਲੈਂਦਾ ਹੈ। ਕਈ ਵਾਰ ਜਦੋਂ ਕੋਈ ਵਿਆਹ ਦਾ ਦਿਨ ਕਢਵਾਉਣ ਲਈ ਜਾਂਦਾ ਹੈ ਤਾਂ ਜੋਤਸ਼ੀ ਕਹਿੰਦੇ ਹਨ ਕਿ ਤੁਹਾਡੀ ਕਿਸਮਤ ਵਿਚ ਦੋ ਵਿਆਹ ਹਨ। ਅੱਜ ਕੱਲ੍ਹ ਤਾਂ ਇਕ ਵਿਆਹ ਨਹੀਂ ਮਾਣ ਪਰ ਦੋ ਕਿੱਥੇ ? ਉਹ ਵਿਚਾਰਾ ਜੋਤਸ਼ੀ ਦੀਆਂ ਮਿੰਨਤਾਂ ਕਰਦਾ ਹੈ ਕਿ ਮੈਨੂੰ ਬਚਾ ਲੈ ਤੇ ਜੋਤਸ਼ੀ ਸਾਹਿਬ ਮੋਟੀ ਰਕਮ ਹੜੱਪ ਕਰਕੇ ਉਸਨੂੰ ਬਚਾਉਂਦੇ ਹਨ। ਕਈ ਵਾਰ ਜੋਤਸ਼ੀ ਵਧੀਆ-ਵਧੀਆ ਰਿਸ਼ਤੇ ਹੁੰਦੇ ਹੋਏ ਨੂੰ ਤੋੜ ਦਿੰਦੇ ਹਨ ਕਿ ਲੜਕੀ ਤਾਂ ਭਾਈ ਮੰਗਲੀਕ ਹੈ। ਸੋ ਜੇਕਰ ਇਹ ਵਿਗਿਆਨ ਯੂਨੀਵਰਸਿਟੀਆਂ ਵਿਚ ਲਾਗੂ ਹੋ ਗਿਆ ਤਾਂ ਦੇਸ਼ ਦੀ ਖੈਰ ਨਹੀਂ।

ਸੋਚਣ ਦੀ ਗੱਲ ਹੈ ਕਿ ਜੇਕਰ ਜੋਤਿਸ਼ ਇੰਨਾ ਹੀ ਵਿਗਿਆਨਕ ਹੈ ਅਤੇ ਸਹੀ ਭਵਿੱਖਬਾਣੀ ਕਰਦਾ ਹੈ ਤਾਂ ਫਿਰ ਜਦੋਂ ਗੁਜਰਾਤ ਵਿਚ ਭੁਚਾਲ ਆਇਆ ਸੀ ਤਾਂ ਜੋਤਸ਼ੀਆਂ ਨੇ ਪਹਿਲਾਂ ਹੀ ਕਿਉਂ ਨਹੀਂ ਦੱਸ ਦਿੱਤਾ ਕਿ ਗੁਜਰਾਤ ਦੀ ਫਲਾਣੀ ਥਾਂ 'ਤੇ ਇੰਨਾ ਵੱਡਾ ਭੁਚਾਲ ਆਉਣਾ ਹੈ। ਜੋਤਸ਼ੀਆਂ ਨੇ ਦੱਸ ਕਿਉਂ ਨਹੀਂ ਦਿੱਤਾ ਕਿ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਫਲਾਣੀ ਤਰੀਕ ਨੂੰ ਫਲਾਣੀ ਥਾਂ 'ਤੇ ਅਗਵਾ ਹੋਣਾ ਹੈ। ਜੋਤਸ਼ੀਆਂ ਨੇ ਕਿਉਂ ਨਹੀਂ ਦੱਸਿਆ ਕਿ ਅਮਰੀਕਾ ਵਿਚ ਫਲਾਣੇ ਦਿਨ, ਫਲਾਣੀਆਂ ਇਮਾਰਤਾਂ ਨਾਲ ਜਹਾਜ਼ ਟਕਰਾਉਣੇ ਹਨ ਤਾਂ ਕਿ ਹਜ਼ਾਰਾਂ ਨਿਰਦੋਸ਼ ਲੋਕਾਂ ਦੀ ਜਾਨ ਬਚ ਸਕਦੀ। ਜੇਕਰ ਜੋਤਿਸ਼ ਵਿਗਿਆਨ ਹੈ ਤਾਂ ਇਨ੍ਹਾਂ ਸਾਰੇ ਨਿਰਦੋਸ਼ ਲੋਕਾਂ ਦੀ ਹੱਤਿਆ ਦਾ ਜ਼ਿੰਮੇਵਾਰ ਜੋਤਿਸ਼ ਹੀ ਹੈ।

ਸੋ ਅਸੀਂ ਭਾਰਤ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਜੋਤਿਸ਼ ਨੂੰ ਪੜ੍ਹਾਈ ਦੇ ਤੌਰ 'ਤੇ ਲਾਗੂ ਨਾ ਕਰੇ ਅਤੇ ਆਪਣੀ ਦਲਿਤ ਕੌਮ ਨੂੰ ਬੇਨਤੀ ਕਰਦੇ ਹਾਂ ਕਿ ਜੋਤਿਸ਼ ਨਾਲ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਦੂਰ ਦਾ ਵੀ ਸਬੰਧ ਨਹੀਂ। ਜੋ ਕੁਝ ਵੀ ਹੋਣਾ ਹੈ, ਉਹ ਪ੍ਰਭੂ ਦੇ ਹੁਕਮ ਨਾਲ ਹੀ ਹੋਣਾ ਹੈ, ਕੋਈ ਵੀ ਜੋਤਸ਼ੀ ਪ੍ਰਭੂ ਦੇ ਹੁਕਮ ਨੂੰ ਟਾਲ ਨਹੀਂ ਸਕਦਾ। ਤੁਸੀਂ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਨੁਸਾਰ ਸ਼ੁੱਭ ਕਰਮ ਕਰਦੇ ਜਾਓ ਅਤੇ ਆਪਣਾ ਇਹ ਜਨਮ ਗੁਰੂ ਰਵਿਦਾਸ ਮਿਸ਼ਨ ਦੇ ਲੇਖੇ ਲਾ ਦਿਓ।"

**'ਇਹੁ ਜਨਮੁ ਤੁਮ੍ਹਾਰੇ ਲੇਖੇ ॥'**

* * *

# ਖ਼ਤਰੇ ਦਾ ਬਿਗਲ

ਪਿਆਰੀ ਸਾਧ ਸੰਗਤ ਜੀ! ਅੱਜ ਸਾਡੇ ਪੰਥ (ਕੌਮ) ਲਈ ਖਤਰੇ ਦਾ ਬਿਗਲ ਵੱਜ ਚੁੱਕਾ ਹੈ। ਸਾਡੀ ਹੋਂਦ ਨੂੰ ਖਤਰਾ ਹੈ, ਕਿਉਂਕਿ ਸਾਡੀ ਕੌਮ ਗੁਰੂ ਰਵਿਦਾਸ ਮਿਸ਼ਨ ਤੇ ਆਦਿ-ਧਰਮ ਦੀ ਆਧੁਨਿਕ ਅਤੇ ਸਹੀ ਵਿਚਾਰਧਾਰਾ ਨੂੰ ਤਿਆਗ ਕੇ ਦੂਸਰੇ ਧਰਮ ਅਪਣਾ ਰਹੀ ਹੈ। ਜੇਕਰ ਇਹ ਚੱਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਅਸੀਂ ਖਿੰਡ-ਖਿੰਡ ਹੋ ਜਾਵਾਂਗੇ ਤੇ ਸਾਡੀ ਹੋਂਦ ਖਤਮ ਹੋ ਜਾਵੇਗੀ। ਆਪਣੀ ਹੋਂਦ ਬਰਕਰਾਰ ਰੱਖਣ ਤੇ ਕੌਮ ਨੂੰ ਉੱਚਾ ਚੁੱਕਣ ਲਈ ਅਸੀਂ ਇਸ ਸਭਾ ਨੂੰ ਜਿਸ ਦੇ ਅਹੁਦੇਦਾਰ ਤੁਸੀਂ ਹੀ ਹੋਵੋਗੇ, ਨੂੰ ਪੰਜਾਬ ਪੱਧਰ 'ਤੇ ਬਣਾ ਕੇ ਹੇਠ ਲਿਖੇ ਉਦੇਸ਼ਾਂ ਦੀ ਪੂਰਤੀ ਕਰਨੀ ਚਾਹੁੰਦੇ ਹਾਂ–

1. ਗੁਰੂ ਰਵਿਦਾਸ ਜੀ ਦੀ ਬਾਣੀ, ਸਿੱਖਿਆ ਅਤੇ ਵਿਚਾਰਧਾਰਾ ਦਾ ਪ੍ਰਚਾਰ ਕਰਨਾ।
2. ਗੁਰੂ ਜੀ ਦੀ ਬਾਣੀ ਅਤੇ ਜੀਵਨ ਇਤਿਹਾਸ ਦੀ ਖੋਜ ਕਰਨਾ ਤੇ ਉਸਨੂੰ ਸਹੀ ਰੂਪ ਵਿਚ ਦਲਿਤ ਕੌਮ ਸਾਹਮਣੇ ਲਿਆਉਣਾ।
3. ਗੁਰੂ ਜੀ ਦੇ ਇਤਿਹਾਸਕ ਅਸਥਾਨਾਂ ਦੀ ਖੋਜ ਕਰਨਾ ਤੇ ਕੌਮ ਨੂੰ ਇਨ੍ਹਾਂ ਦੇ ਵਿਕਾਸ ਲਈ ਪ੍ਰੇਰਿਤ ਕਰਨਾ।
4. ਸਮੁੱਚੀ ਦਲਿਤ ਕੌਮ ਨੂੰ ਆਦਿ-ਧਰਮ ਦੇ ਝੰਡੇ ਹੇਠ ਇਕੱਤਰ ਕਰਨਾ।
5. ਆਦਿ ਧਰਮ ਦਾ ਵਿਕਾਸ ਤੇ ਪ੍ਰਚਾਰ ਕਰਨਾ।
6. ਗੁਰੂ ਰਵਿਦਾਸ ਮਿਸ਼ਨ ਅਤੇ ਆਦਿ ਧਰਮ ਦੇ ਪ੍ਰਚਾਰ ਲਈ ਮਾਸਿਕ ਮੈਗਜ਼ੀਨ ਅਤੇ ਪੱਤਰ ਵਿਵਹਾਰ ਕੋਰਸ ਚਾਲੂ ਕਰਨਾ।
7. ਡਾ: ਬੀ. ਆਰ. ਅੰਬੇਡਕਰ ਫਿਲਾਸਫੀ ਦਾ ਪ੍ਰਚਾਰ ਕਰਨਾ।
8. ਦਲਿਤ ਕੌਮ ਵਿਚੋਂ ਅਨਪੜ੍ਹਤਾ, ਬੇਰੁਜ਼ਗਾਰੀ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਭੈੜੇ ਰੀਤੀ-ਰਿਵਾਜਾਂ ਅਤੇ ਨਸ਼ਿਆਂ ਜਿਹੀਆਂ ਕੁਰੀਤੀਆਂ ਨੂੰ ਦੂਰ ਕਰਨਾ।
9. ਸਮਾਜ ਦੇ ਗਰੀਬ, ਬੇਸਹਾਰਾ, ਅਪੰਗ ਤੇ ਦੁਖੀ ਲੋਕਾਂ ਦੀ ਸੇਵਾ ਕਰਨ ਲਈ ਕੌਮ ਨੂੰ ਪ੍ਰੇਰਿਤ ਕਰਨਾ।
10. ਦੇਸ਼ ਉੱਪਰ ਸੰਕਟ ਪੈਣ 'ਤੇ ਕੌਮ ਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਨਾ।
11. ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ ਸਭਾ ਦੀਆਂ ਪਿੰਡ, ਬਲਾਕ ਤੇ ਜ਼ਿਲ੍ਹਾ ਪੱਧਰ 'ਤੇ ਸ਼ਾਖਾਵਾਂ ਸਥਾਪਿਤ ਕਰਨੀਆਂ।

ਇਸੇ ਤਰ੍ਹਾਂ ਦੇ ਸਾਡੇ ਹੋਰ ਵੀ ਉਦੇਸ਼ ਹਨ। ਸੋ ਦਲਿਤ ਪੰਥ (ਕੌਮ) ਦੇ ਦਰਦੀਆਂ, ਗੁਰੂ ਰਵਿਦਾਸ ਮਿਸ਼ਨ, ਸੰਤਾਂ ਮਹਾਂਪੁਰਸ਼ਾਂ ਤੇ ਦਲਿਤ ਮਿਸ਼ਨ ਸੰਸਥਾਵਾਂ ਨੂੰ ਪੰਥ ਦੀ ਭਲਾਈ ਦਾ ਵਾਸਤਾ ਪਾ ਕੇ ਅਪੀਲ ਕਰਦੇ ਹਾਂ ਕਿ ਉਹ ਸਾਡੇ ਨਾਲ ਸੰਪਰਕ ਕਰਨ ਤਾਂ ਕਿ ਆਪਾਂ ਇਕ ਸਰਬਸੰਮਤੀ ਬਣਾ ਕੇ ਆਪਣੇ ਪੰਥ ਦੀ ਹੋਂਦ ਨੂੰ ਕਾਇਮ ਰੱਖਦਿਆਂ ਇਸ ਨੂੰ ਉੱਚਾ ਚੁੱਕ ਸਕੀਏ ਕਿਉਂਕਿ ਗੁਰੂ ਰਵਿਦਾਸ ਜੀ ਦਾ ਇਹ ਹੀ ਹੁਕਮ ਹੈ–

**ਜਨਮੁ ਸਿਰਾਨੋ, ਪੰਥੁ ਨ ਸਵਾਰਾ॥ (ਸੂਹੀ ਰਵਿਦਾਸ ਜੀ)**

**ਅੱਖੀਆਂ ਉਡੀਕਦੀਆਂ**

ਕਮਲਜੀਤ (ਪ੍ਰਧਾਨ)

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ

ਬਿਨਪਾਲਕੇ (ਜਲੰਧਰ)-144 201

# ਜ਼ਰੂਰੀ ਬੇਨਤੀਆਂ

ਨੋਟ—ਸ੍ਰੀ ਜਸਬੀਰ ਜੱਸੀ ਪੰਚਕੂਲਾ (ਹਰਿਆਣਾ) ਨੇ ਬਹੁਤ ਕੀਮਤੀ ਪੁਸਤਕ ਸਤਿਗੁਰੂ ਰਵਿਦਾਸ ਜੀ ਪ੍ਰਕਾਸ਼ਿਤ ਕਰਵਾਈ ਹੈ ਜਿਸ ਵਿਚ ਗੁਰੂ ਰਵਿਦਾਸ ਜੀ ਦੀ ਗੁਰੂ ਗਰੰਥ ਸਾਹਿਬ ਅਤੇ ਉਸ ਤੋਂ ਬਾਹਰਲੀ ਬਾਣੀ ਤੇ ਹੋਰ ਮਹਾਂਪੁਰਸ਼ਾਂ ਦੁਆਰਾ ਗੁਰੂ ਸਾਹਿਬ ਦੀ ਕੀਤੀ ਉਸਤਤੀ ਸ਼ਾਮਿਲ ਹੈ। ਕਿਰਪਾ ਕਰਕੇ ਇਸ ਨੂੰ ਜ਼ਰੂਰ ਪੜ੍ਹੋ। ਇਹ ਸਾਡੇ ਪਾਸੋਂ ਵੀ ਮਿਲ ਸਕਦੀ ਹੈ।

— ਗੁਰੂ ਰਵਿਦਾਸ ਸੰਸਥਾਵਾਂ ਅਤੇ ਗੁਰੂ-ਘਰ ਕਮੇਟੀਆਂ ਨੂੰ ਬੇਨਤੀ ਹੈ ਕਿ ਉਹ ਵੀ ਆਪਣੇ-ਆਪਣੇ ਨਾਂ ਹੇਠ ਅਜਿਹੇ ਟ੍ਰੈਕਟ ਛਾਪ ਕੇ ਮੁਫਤ ਵੰਡਣ। ਸਾਡੀ ਸਭਾ ਲਿਟਰੇਚਰ ਜਾਂ ਹੋਰ ਜਾਣਕਾਰੀ ਲਈ ਮਦਦ ਕਰ ਸਕਦੀ ਹੈ।

— ਸਾਡੀ ਸਭਾ ਵਲੋਂ ਪ੍ਰਕਾਸ਼ਿਤ ਗੁਰੂ ਰਵਿਦਾਸ ਜੀ ਦੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਗੁਟਕਾ ਸਾਹਿਬ ਤੁਸੀਂ 5 ਰੁਪਏ ਦੀਆਂ ਡਾਕ-ਟਿਕਟਾਂ ਭੇਜ ਕੇ ਮੰਗਵਾ ਸਕਦੇ ਹੋ। ਅਗਰ ਇਹੀ ਗੁਟਕੇ ਸਾਹਿਬ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਮੁਫਤ ਵੰਡਣੇ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 300 ਰੁਪਏ ਭੇਟਾ ਦੇ ਕੇ 100 ਗੁਟਕੇ ਸਾਹਿਬ ਮਿਲ ਸਕਦੇ ਹਨ।

— ਇਹ ਹਥਲਾ ਟ੍ਰੈਕਟ ਅਗਰ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਮੁਫਤ ਵੰਡਣਾ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 100 ਰੁਪਏ ਸੈਂਕੜਾ ਦੇ ਹਿਸਾਬ ਨਾਲ ਮਿਲ ਸਕਦਾ ਹੈ। ਇਸ ਲਈ ਪਹਿਲਾਂ ਮਨੀਆਰਡਰ ਭੇਜੋ ਜਾਂ ਚਿੱਠੀ ਪੱਤਰ ਕਰੋ।

— ਕਿਰਪਾ ਕਰਕੇ ਆਪਣੇ ਕੀਮਤੀ ਸੁਝਾਅ ਸਾਨੂੰ ਚਿੱਠੀ ਰਾਹੀਂ ਲਿਖ ਕੇ ਭੇਜੋ ਤਾਂ ਕਿ ਅਸੀਂ ਹੋਰ ਜ਼ਿਆਦਾ ਵਧੀਆ ਢੰਗ ਨਾਲ ਮਿਸ਼ਨ ਪ੍ਰਚਾਰ ਕਰੀਏ।

— ਸਾਧ ਸੰਗਤ ਜੀ, ਇਸ ਸਭਾ ਦੇ ਮੈਂਬਰ ਆਰਥਿਕ ਪੱਖੋਂ ਕਮਜ਼ੋਰ ਹੀ ਹਨ। ਉਹ ਮਜ਼ਦੂਰ ਜਾਂ ਬੇਰੁਜ਼ਗਾਰ ਹਨ। ਇਹ ਫਰੀ ਟ੍ਰੈਕਟ ਸੇਵਾ ਮੈਂਬਰਾਂ ਦੀ ਤੁਛ ਭੇਟਾ ਜਾਂ ਆਪ ਗੁਰੂ ਪ੍ਰੇਮੀਆਂ ਦੇ ਸਹਿਯੋਗ ਨਾਲ ਹੀ ਕੀਤੀ ਜਾਂਦੀ ਹੈ। ਇਸ ਸਭਾ ਦੀ ਆਮਦਨ ਦਾ ਹੋਰ ਕੋਈ ਸੋਮਾ ਵੀ ਨਹੀਂ ਹੈ। ਸੋ ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਕੁਝ ਭੇਟਾ ਇਸ ਸਭਾ ਨੂੰ ਫਰੀ ਲਿਟਰੇਚਰ ਸੇਵਾ ਲਈ ਭੇਜੋ ਤਾਂ ਕਿ ਅਸੀਂ ਹੋਰ ਜ਼ਿਆਦਾ ਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰ ਸਕੀਏ।

*ਸੰਪਰਕ ਲਈ ਪਤਾ :*
**ਰਾਜ ਕੁਮਾਰ 'ਦੜੋਚ'**
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ
ਪਿੰਡ ਤੇ ਡਾਕ: ਬਿਨਪਾਲਕੇ ਨੇੜੇ ਭੋਗਪੁਰ
ਜ਼ਿਲ੍ਹਾ ਜਲੰਧਰ-144201

*ਇਸ ਪਤੇ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ :*
**ਰਛਪਾਲ ਸਿੰਘ ਬੱਧਣ**
ਐਨ. ਬੀ. 180, ਪ੍ਰੀਤ ਨਗਰ,
ਸੋਢਲ ਰੋਡ, ਜਲੰਧਰ
ਫੋਨ-0181-490309

## ਸਹਾਇਤਾ ਦੇਣ ਵਾਲੇ ਗੁਰੂ ਪ੍ਰੇਮੀ

| | | | |
|---|---|---|---|
| ਸ: ਚਮਨ ਸਿੰਘ ਨੰਗਲ ਅਰਾਈਆਂ | 100/- | ਡਾ. ਬਲਜਿੰਦਰ ਕੁਮਾਰ ਪਾਲਨੌਂ (ਫਿਲੌਰ) | 250/- |
| ਸ: ਗੁਰਦਿਆਲ ਸਿੰਘ ਛਿੰਗੜ ਕਲਾਂ | 125/- | ਸ੍ਰੀ ਨਿਰਮਲ ਚੰਦ ਖੁਰਲਾ ਕਿੰਗਰਾ | 500/- |
| ਸ: ਨਸੀਬ ਸਿੰਘ ਬਿਨਪਾਲਕੇ | 100/- | ਸ੍ਰੀ ਹਰਜਿੰਦਰ ਸਿੰਘ ਭੋਗਪੁਰ 10/- ਸ੍ਰੀ ਪਰਦੀਪ | |
| ਸ: ਰਣਜੀਤ ਸਿੰਘ ਚਮਿਆਰੀ | 100/- | ਸਿੰਘ ਭੋਗਪੁਰ 10/- ਸ੍ਰੀ ਰਵੀ ਕੁਮਾਰ ਜੌੜਾ | 10/- |

ਟਾਈਪ ਸੈਟਿੰਗ—ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ—203346
ਛਾਪਕ—ਪਰਿਵਰਤਨ ਪ੍ਰੈਸ, ਜਲੰਧਰ।